ਮਾਸਿਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ

# ਸੂਰਾ

ਲੁਧਿਆਣਾ

MONTHLY **SURA** LUDHIANA

ਅਪ੍ਰੈਲ ੧੯੯੬



APRIL 1996

ਖਾਲਸੇ ਦਾ ਜਨਮ ਅਸਥਾਨ
ਤਖਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ)

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ॥

## ਤੱਤਕਰਾ


| | | | |
|---|---|---|---|
| ੧ ਅੰਜਨ ਮਾਹਿ ਨਿਰੰਜਨ ਰਹੀਐ | ੧ | ੧੧ ਵਿਣੁ ਨਾਵੈ ਸਭਿ ਭਰਮਦੇ (੨) | ੨੨ |
| ੨ ਅਰਥ ਵਿਆਖਿਆ | ੨ | ੧੨ ਜੇਹਾ ਬੀਜੈ ਸੋ ਲੁਣੈ | ੨੭ |
| ੩ ਜੋਗੀ ਕੌਣ ਹਨ ? | ੪ | ੧੩ ਵਾਰ ਮਾਰੂ ਡਖਣੇ (੧੦) | ੨੯ |
| ੪ ਸਿੱਖ ਧਰਮ ਦੀ ਲੋੜ ਕਿਉ ? | ੬ | ੧੪ SONG OF BLISS (2) | ੩੨ |
| ੫ ਸਤਿਗੁਰ ਆਗੈ ਸੀਸੁ ਭੇਟ ਦੇਉ | ੧੧ | ੧੫ ਦੀਨ ਦੁਨੀਆ ਤੇਰੀ ਟੇਕ | ੩੩ |
| ੬ ਅਰਦਾਸ ਕਰ (ਕਵਿਤਾ) | ੧੪ | ੧੬ ਤਬ ਖਾਲਸ ਤਾਹਿ ਨਖਾਲਸ ਜਾਨੈ | ੩੬ |
| ੭ ਚਰਨਾਮ੍ਰਿਤ ਤੋਂ ਖੰਡੇ ਦੀ ਪਾਹੁਲ | ੧੫ | ੧੭ ਸਤਿਗੁਰੂ ਨੂੰ ਰਹਿਤ ਪਿਆਰੀ (ਕਵਿਤਾ) | ੩੯ |
| ੮ ਦਸਮੇਸ਼ ਪਿਤਾ ਤੈਨੂੰ ਖਾਲਸਾ ਹੈ ਸਾਜਿਆ (ਕਵਿਤਾ) | ੧੮ | ੧੮ ਧੰਨ ਧੰਨ ਗੁਰਸਿਖ (ਕਵਿਤਾ) | ੪੦ |
| ੯ ਗੁਰਸਿੱਖ | ੧੯ | ੧੯ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ | ੪੦ |
| ੧੦ ਕੁਸੰਗਤ (ਕਵਿਤਾ) | ੨੧ | | |


### ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਜੋਤੀ ਜੋਤ ਗੁਰੂ ਹਰਿਕ੍ਰਿਸਨ ਸਾਹਿਬ ੧ ਅਪ੍ਰੈਲ   ਗੁਰਿਆਈ ਗੁਰੂ ਤੇਗ ਬਹਾਦਰ ਸਾਹਿਬ ੧ ਅਪ੍ਰੈਲ   ਪ੍ਰਕਾਸ਼ ਗੁਰੂ ਤੇਗ ਬਹਾਦਰ ਸਾਹਿਬ ੮ ਅਪ੍ਰੈਲ
ਪ੍ਰਕਾਸ਼ ਗੁਰੂ ਅਰਜਨ ਦੇਵ ਜੀ ੧੦ ਅਪ੍ਰੈਲ   ਖਾਲਸੇ ਦਾ ਸਾਜਨਾ ਦਿਵਸ ਵੈਸਾਖੀ ੧੩ ਅਪ੍ਰੈਲ   ਪ੍ਰਕਾਸ ਗੁਰੂ ਅੰਗਦ ਦੇਵ ਜੀ ੧੮ ਅਪ੍ਰੈਲ

### ਹਿਮਾਚਲ ਪ੍ਰਦੇਸ਼ ਵਿੱਚ 'ਸੂਰਾ' ਪੱਤਰ ਅੱਧੇ ਚੰਦੇ ਤੇ

ਜੋ ਵੀਰ / ਭੈਣ ਸੂਰਾ ਪੱਤਰ ਪੜ੍ਹਨ ਵਿਚ ਰੁਚੀ ਰੱਖਦੇ ਹੋਣ ਉਹ ਹੇਠ ਲਿਖੇ Address ਤੇ ਅੱਧਾ ਚੰਦਾ ਭੇਜ ਕੇ ਸੂਰਾ ਲਗਵਾ ਸਕਦੇ ਹਨ :-
ਦਾਸ :- ਪਰਮਜੀਤ ਸਿੰਘ, ਗੁਰੂ ਰਾਖਾ ਐਂਟਰਪ੍ਰਾਈਜਿਜ਼, ਪਾਉਂਟਾ ਸਾਹਿਬ। ਟੈਲੀਫੋਨ ੦੧੭੦੪-੨੩੬੭

---

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧. ਲੁਧਿਆਣਾ- ੧.ਮੁੱਖ ਦਫ਼ਤਰ "ਸੂਰਾ"-ਕੋਠੀ ਨੰ: ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨.ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ।
੨ ਜਲੰਧਰ- ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ- ਭਾਈ ਹਰਮਿੰਦਰ ਸਿੰਘ ਜੀ, ਭਾਈ ਸੇਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ- ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ-ਭਾਈ ਫੱਜਿੰਦਰ ਸਿੰਘ ਜੀ, ੫੩੩/੩ -ਏ ਫੇਜ਼, ਐਸ. ਏ. ਐਸ. ਨਗਰ, ਮੋਹਾਲੀ।
੬ ਕਪੂਰਥਲਾ - ਭਾਈ ਚਰਨਪਾਲ ਸਿੰਘ।
੭ ਸਾਰੇ ਸਮਾਗਮਾਂ ਸਮੇ - ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮ ਬਠਿੰਡਾ-ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯ ਮੋਗਾ- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ ਰੋਡ, ਫੋਨ ੨੪੩੪੪੧, ੨੧੬੮੧
੧੦ ਅੰਮ੍ਰਿਤਸਰ- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ ੪੫੭੮੭, ਘਰ ੨੩੧੫੨੦
੧੧ ਯਮੁਨਾਨਗਰ- ਸ੍ਰ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ,
ਪਿੰਨ ਕੋਡ-੧੩੫੦੦੧,ਫੋਨ: ੨੬੨੧੭
545787
੧੨ ਸੰਗਰੂਰ-੧. ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ- ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੰੜਾ ਖੂਹ, ਨੇੜੇ ਗੁ: ਪਾ: ੬.

ਸੂਚਨਾ - ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦/-, ੧੦੦/-, ੧੫੦/- ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫ਼ਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਉਨ੍ਹਾਂ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।- ਸੰਪਾਦਕ

### ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ-ਭਾਈ ਗੁਰਨਮ ਸਿੰਘ ਜੀ 10 - LAmbourne Gardens, Earley Reading, Berks U.K. Tel. 01734-267900.
੨ ਅਮਰੀਕਾ-ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ, ਫ਼ੋਨ : ੧੮੦੦੭੨੨੬੨੧੨
੩ ਕੈਨੇਡਾ-ਭਾਈ ਰਿਪੁਦਮਨ ਸਿੰਘ ਜੀ ਮਲਿਕ, ਫ਼ੋਨ : ੧੮੦੦੬੬੩੦੨੨੪
੪ ਆਸਟਰੇਲੀਆ-ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ :੦੬੧੮੬੩੪੮੪੧
੫ ਨੀਊਜ਼ੀਲੈਂਡ - ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨
ਸ: ਸੁਬੇਗ ਸਿੰਘ ਆਸਟਰੇਲੀਆ ਦਾ ਨਵਾਂ ਪਤਾ
7, VICTORIA ST. REVESBY N.S.W. SYNDEY AUSTRALIA Post Code -2212 Telephone Mobile 015222737 (Local (02) 7712413

**ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।**

ਡਿਜ਼ਾਈਨ ਕਰਾਫਟ, ਗਿੱਲ ਰੋਡ, ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ ੧੨- ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।

# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਅਪ੍ਰੈਲ-੧੯੯੬ ਅੰਕ ੪

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |

ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥
(ਰਾਮਕਲੀ ਮ: ੧, ਪੰਨਾ ੮੭੯)

## ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤ ਤਉ ਪਾਈਐ

ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ ॥੧॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ, ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ, ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ, ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥੩॥
ਨਾਨਕ ਜੀਵਤਿਆ ਮਰਿ ਰਹੀਐ, ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ, ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਤਉ ਪਾਈਐ॥੪॥
(ਸੂਹੀ ਮ: ੧, ਪੰਨਾ ੭੩੦)

**ਪਦ ਅਰਥ :-** ਜੋਗੁ-ਜੋਗ ਸਾਧਨਾ ਦਾ ਅਭਿਆਸ (ਪਰਮਾਤਮਾ ਨਾਲ ਮਿਲਾਪ)। ਖਿੰਥਾ-ਗੋਦੜੀ। ਡੰਡੈ-ਡੰਡੇ ਦੀ ਰਾਹੀਂ, ਹੱਥ ਵਿੱਚ ਡੰਡਾ ਫੜਿਆਂ। ਭਸਮ-ਸੁਆਹ। ਚੜਾਈਐ-ਸਰੀਰ ਉੱਤੇ ਮਲ ਲਈਏ। ਮੁੰਦੀ-ਮੁੰਦ੍ਰਾਂ ਦੀ ਰਾਹੀਂ, ਕੰਨਾਂ ਵਿੱਚ ਮੁੰਦ੍ਰਾਂ ਪਾਉਣ ਨਾਲ। ਮੂੰਡਿ ਮੁੰਡਾਇਐ-ਸਿਰ ਮਨਾਉਣ ਨਾਲ। ਸਿੰਙੀ-ਸਿੰਙ ਦੀ ਤੁਰੀ (ਵਾਜਾ)। ਵਾਈਐ-ਵਜਾਉਣ ਨਾਲ। ਅੰਜਨ-ਕਾਲਖ, ਸੁਰਮਾ, ਮਾਇਆ ਦੇ ਮੋਹ ਦੀ ਕਾਲਖ। ਨਿਰੰਜਨਿ-ਨਿਰੰਜਨ ਵਿੱਚ, ਮਾਇਆ ਦੀ ਕਾਲਖ (ਪ੍ਰਭਾਵ) ਤੋਂ ਰਹਿਤ ਪਰਮਾਤਮਾ। ਜੁਗਤਿ-ਜਾਂਚ, ਤਰੀਕਾ। ਇਵ-ਇਵੇਂ, ਇਸ ਤਰ੍ਹਾਂ।੧। ਗਲੀ-ਗੱਲਾਂ ਕਰਨ ਨਾਲ ਹੀ। ਦ੍ਰਿਸਟਿ-ਨਜ਼ਰ, ਨਿਗਾਹ। ਸਮਸਰਿ-ਬਰਾਬਰ, ਇਕੋ ਜੇਹਾ।੧।ਰਹਾਉ। ਮੜੀ-ਮੜ੍ਹੀਆਂ ਵਿੱਚ। ਮਸਾਣੀ-ਮਸਾਣਾ (ਸਿਵਿਆਂ) ਵਿੱਚ। ਤਾੜੀ-ਸਮਾਧੀ। ਦੇਸਿ ਦਿਸੰਤਰਿ-ਦੇਸ ਪਰਦੇਸ ਵਿੱਚ। ਭਵਿਐ-ਭੌਣ (ਫਿਰਨ) ਨਾਲ। ਤੀਰਥਿ-ਤੀਰਥਾਂ ਉੱਤੇ।੨। ਭੇਟੈ-ਮਿਲੇ। ਸਹਸਾ-ਸਹਿਮ, ਡਰ। ਧਾਵਤ-ਭਟਕਦਾ ਹੋਇਆ। ਵਰਜਿ-ਵਰਜ ਕੇ, ਰੋਕ ਕੇ। ਰਹਾਈਐ-ਰੱਖ ਲਈਦਾ ਹੈ। ਨਿਝਰੁ-ਚਸ਼ਮਾ, ਸੋਮਾ, ਪਹਾੜੀ ਨਦੀ। ਝਰੈ-ਵਹਿਣ ਲੱਗ ਪੈਂਦਾ ਹੈ। ਸਹਜ-ਅਡੋਲ ਅਵਸਥਾ। ਧੁਨਿ-ਰੌਂ। ਪਰਚਾ-ਸਾਂਝ, ਜਾਣ ਪਛਾਣ, ਮਿੱਤ੍ਰਤਾ।੩। ਮਰਿ-(ਵਿਕਾਰਾਂ ਵਲੋਂ) ਮਰ ਕੇ। ਜੋਗੁ-ਜੋਗ ਦਾ ਅਭਿਆਸ। ਵਾਜੈ-ਵੱਜਦੀ ਹੈ। ਤਉ-ਤਦੋਂ। ਨਿਰਭਉ ਪਦ-ਆਤਮਕ ਦਰਜਾ ਜਿੱਥੇ ਡਰ ਨਹੀਂ, ਡਰ ਰਹਿਤ ਅਵਸਥਾ।੪।



www.AKJ.Org

# ਅਰਥ ਵਿਆਖਿਆ

ਅਰਥ :- ਗੋਦੜੀ ਪਾ ਲੈਣਾ ਪਰਮਾਤਮਾ ਨਾਲ ਮਿਲਾਪ ਦਾ ਸਾਧਨ ਨਹੀਂ, ਹੱਥ ਵਿੱਚ ਡੰਡਾ ਫੜ ਲੈਣ ਨਾਲ ਪ੍ਰਭੂ ਨਾਲ ਮੇਲ ਨਹੀਂ ਹੋ ਜਾਂਦਾ, ਸਰੀਰ ਤੇ ਸੁਆਹ ਮਲ ਲੈਣ ਨਾਲ ਵੀ ਹਰੀ ਨਾਲ ਮੇਲ ਨਹੀਂ ਹੁੰਦਾ। ਕੰਨਾਂ ਵਿੱਚ ਮੁੰਦ੍ਰਾਂ ਪਾਇਆਂ ਰੱਬ ਨਹੀਂ ਮਿਲਦਾ, ਸਿਰ ਮਨਾਉਣ ਨਾਲ ਵੀ ਜੋਗ ਅਭਿਆਸ ਸਿੱਧ ਨਹੀਂ ਹੋ ਜਾਂਦਾ।

ਪਰਮਾਤਮਾ ਨਾਲ ਮਿਲਾਪ ਦੀ ਜੁਗਤੀ ਇਉਂ ਹੀ ਪ੍ਰਾਪਤ ਹੁੰਦੀ ਹੈ ਕਿ ਮਾਇਆ ਦੇ ਮੋਹ ਦੀ ਕਾਲਖ ਵਿੱਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ (ਨਿਰੰਜਨ) ਵਿੱਚ ਜੁੜੇ ਰਹੀਏ।੧।

ਨਿਰੀਆਂ ਗੱਲਾਂ ਕਰਨ ਨਾਲ ਪਰਮਾਤਮਾ ਨਹੀਂ ਮਿਲਦਾ। ਉਹੀ ਮਨੁੱਖ ਜੋਗੀ ਅਖਵਾ ਸਕਦਾ ਹੈ ਜਿਹੜਾ ਇੱਕੋ ਜੇਹੀ ਨਜ਼ਰ ਨਾਲ ਸਾਰਿਆਂ ਨੂੰ ਬਰਾਬਰ ਦੇ ਇਨਸਾਨ ਸਮਝੇ।੧।ਰਹਾਉ।

ਘਰੋਂ ਬਾਹਰ ਮੜ੍ਹੀਆਂ ਮਸਾਣਾਂ ਵਿੱਚ ਰਿਹਾਂ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ, ਬਗੁਲ ਸਮਾਧੀਆਂ ਲਾਉਣ ਨਾਲ ਵੀ ਰੱਬ ਨਹੀਂ ਮਿਲਦਾ। ਦੇਸਾਂ ਵਿਦੇਸ਼ਾਂ ਵਿੱਚ ਭੌਂਦੇ ਫਿਰਨ ਨਾਲ ਵੀ ਪ੍ਰਭੂ -ਮੇਲ ਨਹੀਂ ਹੁੰਦਾ। ਤੀਰਥਾਂ ਤੇ ਇਸ਼ਨਾਨ ਕਰਨ ਨਾਲ ਵੀ ਪਰਮਾਤਮਾ ਦਾ ਮਿਲਾਪ ਨਹੀਂ।

ਪਰਮਾਤਮਾ ਨਾਲ ਮਿਲਾਪ ਦਾ ਢੰਗ ਕੇਵਲ ਇਸੇ ਤਰ੍ਹਾਂ ਹਾਸਲ ਹੁੰਦਾ ਹੈ ਕਿ ਮਾਇਆ ਦੇ ਮੋਹ ਦੀ ਕਾਲਖ ਵਿੱਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ ਵਿੱਚ ਜੁੜੇ ਰਹੀਏ।੨।

ਸਤਿਗੁਰੂ ਦੇ ਮਿਲਣ ਨਾਲ ਮਨ ਦਾ ਸਹਿਮ ਦੂਰ ਹੋ ਜਾਂਦਾ ਹੈ, ਵਿਕਾਰਾਂ ਵੱਲ ਦੌੜਦੇ ਮਨ ਨੂੰ ਰੋਕ ਕੇ ਰੱਖ ਸਕੀਦਾ ਹੈ, (ਹਿਰਦੇ ਵਿੱਚ) ਅੰਮ੍ਰਿਤ ਨਾਮ ਦਾ ਸੋਮਾ (ਚਸ਼ਮਾ) ਫੁੱਟ ਪੈਂਦਾ ਹੈ, ਸਹਿਜ (ਅਡੋਲ) ਅਵਸਥਾ ਦੀ ਰੌਂ (ਧੁਨ) ਬਣ ਜਾਂਦੀ ਹੈ, ਹਿਰਦੇ-ਘਰ ਅੰਦਰ ਹੀ ਪਰਮਾਤਮਾ ਨਾਲ ਸਾਂਝ ਬਣ ਜਾਂਦੀ ਹੈ।

ਪਰਮਾਤਮਾ ਨਾਲ ਮਿਲਾਪ ਦੀ ਜਾਂਚ ਸਿਰਫ ਇਉਂ ਹੀ ਆਉਂਦੀ ਹੈ ਕਿ ਮਾਇਆ ਦੇ ਮੋਹ ਦੀ ਕਾਲਖ ਵਿੱਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ ਵਿੱਚ ਜੁੜੇ ਰਹੀਏ।੩।।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੇ ਮਿਲਾਪ ਦਾ ਅਭਿਆਸ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਹੀ ਵਿਕਾਰਾਂ ਵਲੋਂ ਪਰੇ ਰਹਿ ਕੇ ਕਰਨਾ ਚਾਹੀਦਾ ਹੈ। ਇਉਂ ਸਿਮਰਨ ਕਰਦਿਆਂ ਵਾਜਾ ਵਜਾਏ ਬਿਨਾਂ ਹੀ ਸਿੰਙੀ ਵਰਗਾ ਵਾਜਾ ਵੱਜਣ ਲੱਗ ਪੈਂਦਾ ਹੈ, ਤਦੋਂ ਸਹਿਜ ਪਦ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਸ ਵਿੱਚ ਕਿਸੇ ਪ੍ਰਕਾਰ ਦਾ ਕੋਈ ਡਰ ਨਹੀਂ ਰਹਿ ਜਾਂਦਾ।

ਜਦੋਂ ਮਾਇਆ ਦੇ ਮੋਹ ਦੀ ਕਾਲਖ ਵਿੱਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ ਵਿੱਚ ਜੁੜੇ ਰਹਿ ਸਕੀਏ ਤਾਂ ਪ੍ਰਭ-ਮਿਲਾਪ ਦੇ ਢੰਗ ਦਾ ਪਤਾ ਲੱਗ ਜਾਂਦਾ ਹੈ।੪।

ਵਿਆਖਿਆ :- ਇਸ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਜੋਗੀਆਂ ਵਲੋਂ ਅਪਨਾਏ ਗਏ ਪ੍ਰਭੂ-ਪ੍ਰਾਪਤੀ ਦੇ ਢੰਗ ਤਰੀਕਿਆਂ ਦਾ ਖੰਡਨ ਕਰਦੇ ਹੋਏ ਅਸਲੀ ਜੋਗ-ਜੁਗਤਿ ਦਰਸਾਉਂਦੇ ਹਨ। ਹਿੰਦੂ ਲੋਕ ਪ੍ਰਭੂ-ਪ੍ਰਾਪਤੀ ਲਈ ਘਰ-ਬਾਰ ਦਾ ਤਿਆਗ ਕਰ ਕੇ ਜੰਗਲਾਂ ਪਹਾੜਾਂ ਵਿੱਚ ਚਲੇ ਜਾਂਦੇ ਹਨ ਜਿਸ ਨੂੰ ਉਹ ਆਪਣੇ ਸ਼ਾਸ਼ਤਰਾਂ ਅਨੁਸਾਰ 'ਬਾਨ-ਪ੍ਰਸਤ' ਧਾਰਨ ਕਰਨਾ ਦੱਸਦੇ ਹਨ। ਗ੍ਰਹਸਥੀ ਲੋਕਾਂ ਤੋਂ ਦੂਰ ਰਹਿ ਕੇ ਇਕਾਂਤ ਵਿੱਚ ਭਗਤੀ ਕਰਦੇ ਹਨ। ਆਪਣੀ ਸਹਾਇਤਾ ਲਈ ਉਹ ਜੋਗੀਆਂ ਦੇ ਬਾਰਾਂ ਟੋਲਿਆਂ ਵਿਚੋਂ ਕਿਸੇ ਇੱਕ ਨਾਲ ਜਾ ਰਲਦੇ ਹਨ ਅਤੇ ਜੋਗੀਆਂ ਵਾਲਾ ਭੇਖ ਧਾਰਨ ਕਰ ਲੈਂਦੇ ਹਨ। ਆਮ ਤੌਰ ਤੇ ਜੋਗੀ ਕੰਨਾਂ ਵਿੱਚ ਮੁੰਦਰਾਂ, ਸਿਰੋਂ ਰੋਡੇ ਜਾਂ ਜਟਾਧਾਰੀ, ਸਰੀਰ ਤੇ ਸੁਆਹ ਮਲੀ ਹੋਈ ਤੇ ਗੋਦੜੀ ਪਾਈ ਹੋਈ, ਇੱਕ ਹੱਥ ਵਿੱਚ ਖੱਪਰ ਤੇ ਦੂਜੇ ਹੱਥ ਵਿੱਚ ਡੰਡਾ, ਬਾਂਹ ਨਾਲ ਝੋਲੀ ਲਟਕਾਈ ਹੋਈ, ਲੱਕ ਨਾਲ ਛਣਛਣ ਕਰਦੇ ਘੁੰਗਰੂਆਂ ਵਾਲੀ ਰੱਸੀ ਲਪੇਟੀ ਹੋਈ, ਸਿੰਙੀ ਵਜਾਉਂਦੇ, ਅੱਲਖ ਅੱਲਖ ਕਰਦੇ ਪਿੰਡਾਂ ਵਿੱਚ ਭਿੱਖਿਆਂ ਮੰਗਦੇ ਪਿਛਲੇ ਸਮਿਆਂ ਵਿੱਚ ਆਮ ਦੇਖੇ ਜਾਂਦੇ ਸਨ। ਪਹਾੜਾਂ ਤੋਂ ਉੱਤਰ ਕੇ ਜਦੋਂ ਜੋਗੀ ਪਿੰਡਾਂ ਵਿੱਚ ਆਉਂਦੇ ਸਨ ਤਾਂ ਉਹ ਆਪਣੇ ਡੇਰੇ ਮੜ੍ਹੀਆਂ ਮਸਾਣਾਂ ਵਿੱਚ ਜਮਾਉਂਦੇ ਸਨ ਅਤੇ ਅੱਗ ਦੇ ਧੂਣਿਆਂ ਦੁਆਲੇ ਬੈਠੇ ਗ੍ਰਹਸਤੀ ਲੋਕਾਂ ਨੂੰ ਉਪਦੇਸ਼ ਦਿੰਦੇ ਤੇ ਉਨ੍ਹਾਂ ਦੀਆਂ ਪੁੱਛਾਂ ਦੇ ਉੱਤਰ ਦੱਸ ਕੇ ਆਪਣੀਆਂ ਸਿੱਧੀਆਂ ਦੀ ਧਾਂਕ ਜਮਾਉਂਦੇ ਸਨ।

ਸਿੱਖ ਗੁਰੂ ਸਾਹਿਬਾਨ ਨੇ ਪ੍ਰਭੂ-ਪ੍ਰਾਪਤੀ ਲਈ ਘਰ-ਬਾਰ ਛੱਡ ਕੇ ਜੰਗਲਾਂ ਪਹਾੜਾਂ ਵਿੱਚ ਨੱਠੇ ਫਿਰਨ ਦਾ ਜ਼ੋਰਦਾਰ ਖੰਡਨ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਦਾ ਉਪਦੇਸ਼ ਹੈ -

"ਕਾਹੇ ਰੇ ਬਨ ਖੋਜਨ ਜਾਈ।। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।।" (ਪੰਨਾ ੬੮੪)

ਗੁਰੂ ਸਾਹਿਬ ਕਹਿੰਦੇ ਹਨ ਕਿ ਤੂੰ ਜੰਗਲਾਂ ਵਿੱਚ ਕੀ ਲੱਭਣ ਜਾਂਦਾ ਹੈ ? ਹਰ ਥਾਂ ਵਿਆਪਕ ਮਾਇਆ ਤੋਂ ਸਦਾ ਨਿਰਲੇਪ ਪਰਮਾਤਮਾ ਤਾਂ ਤੇਰੇ ਸਰੀਰ ਵਿੱਚ ਹੀ ਸਮਾਇਆ ਹੋਇਆ ਹੈ।

ਗੁਰੂ ਅਮਰਦਾਸ ਜੀ ਸਮਝਾਉਂਦੇ ਹਨ -



www.AKJ.Org

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ
ਸਤਿਗੁਰ ਕੈ ਉਪਦੇਸਿ॥੬੪॥ (ਪੰਨਾ ੧੪੨੧)

ਗੁਰੂ ਜੀ ਕਹਿੰਦੇ ਹਨ ਕਿ ਗੇਰੂ ਰੰਗੇ (ਭਗਮੇਂ) ਕੱਪੜੇ ਪਾਉਣ ਨਾਲ ਪ੍ਰਭੂ ਨਹੀਂ ਮਿਲਦਾ ਅਤੇ ਨਾ ਹੀ ਮੈਲਾ ਕੁਚੈਲਾ ਵੇਸ (ਪਹਿਰਾਵਾ) ਰੱਖਣ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੇ ਉਪਦੇਸ਼ ਨੂੰ ਕਮਾਉਣ ਸਦਕਾ ਗ੍ਰਹਸਤ ਵਿੱਚ ਬੈਠਿਆਂ ਹੀ ਪ੍ਰਭੂ ਮਿਲ ਪੈਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ -

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆਂ ਪੈਨੰਦਿਆ ਖਾਵੰਦਿਆ,
ਵਿਚੇ ਹੋਵੈ ਮੁਕਤਿ॥ (ਪੰਨਾ ੫੨੨)

ਭਾਵ ਸਤਿਗੁਰੂ ਦੇ ਮਿਲਣ ਨਾਲ ਜੀਉਣ ਦੀ ਸਹੀ ਜਾਂਚ ਆ ਜਾਂਦੀ ਹੈ ਅਤੇ ਹੱਸਦਿਆਂ, ਖੇਡਦਿਆਂ, ਪਹਿਨਦਿਆਂ ਖਾਂਦਿਆਂ, ਮਾਇਆ ਵਿੱਚ ਵਰਤਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ (ਮੁਕਤ) ਰਹੀਦਾ ਹੈ।

ਸਤਿਗੁਰੂ ਅਮੰਰਦਾਸ ਜੀ ਜੋਗੀ ਨੂੰ ਕਹਿੰਦੇ ਹਨ -

ਐਸੀ ਕਿੰਗੁਰੀ ਵਜਾਇ ਜੋਗੀ॥
ਜਿਤੁ ਕਿੰਗੁਰੀ ਅਨਹਦੁ ਵਾਜੈ,
ਹਰਿ ਸਿਉ ਰਹੈ ਲਿਵ ਲਾਇ॥੧॥ ਰਹਾਉ॥

ਭਾਵ ਹੇ ਜੋਗੀ ! ਤੂੰ ਅਜੇਹੀ ਵੀਣਾ (ਕਿੰਗਰੀ) ਵਜਾਇਆ ਕਰ ਜਿਸ ਦੇ ਵਜਾਣ ਨਾਲ ਅਨਹਦ ਸ਼ਬਦ ਵੱਜਣ ਲੱਗ ਪਵੇ ਅਤੇ ਮਨੁੱਖ ਪਰਮਾਤਮਾ ਨਾਲ ਲਿਵ ਲਾਈ ਰੱਖੇ।

ਇਸੇ ਸ਼ਬਦ ਵਿੱਚ ਸਤਿਗੁਰੂ ਜੀ ਜੋਗੀ ਨੂੰ ਉਪਦੇਸ਼ ਦਿੰਦੇ ਹਨ ਕਿ -

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ,
ਖਿੰਥਾ ਕਰਿ ਤੂੰ ਦਇਆ॥
ਆਵਣੁ ਜਾਣੁ ਬਿਭੂਤਿ ਲਾਇ ਜੋਗੀ,
ਤਾ ਤੀਨਿ ਭਵਣ ਜਿਣਿ ਲਇਆ॥੧॥---
ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ,
ਅੰਮ੍ਰਿਤ ਨਾਮੁ ਭੁਗਤਿ ਪਾਈ॥
ਧਿਆਨ ਕਾ ਕਰਿ ਡੰਡਾ ਜੋਗੀ,
ਸਿੰਙੀ ਸੁਰਤਿ ਵਜਾਈ॥੨॥
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ,
ਤਾ ਤੇਰੀ ਕਲਪਣਾ ਜਾਈ॥
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ,
ਤਾ ਨਾਮੁ ਪਲੈ ਪਾਈ॥੩॥ (ਪੰਨਾ ੯੦੮)

ਸਤਿਗੁਰੂ ਜੀ ਕਹਿੰਦੇ ਹਨ ਕਿ ਹੇ ਜੋਗੀ ਤੂੰ ਆਪਣੇ ਕੰਨਾਂ ਵਿੱਚ ਮਿਹਨਤ (ਸਰਮ) ਦੀਆਂ ਮੁੰਦਰਾਂ ਪਾ, ਦਇਆ ਨੂੰ ਕਫਨੀ (ਖਿੰਥਾ) ਬਣਾ, ਜਨਮ ਮਰਨ ਦੇ ਡਰ ਦੀ ਸੁਆਹ (ਬਿਭੂਤ) ਆਪਣੇ ਪਿੰਡੇ (ਸਰੀਰ) ਤੇ ਮਲ, ਦੂਜਿਆਂ ਦੀ ਸੇਵਾ ਤੇ ਸੰਤੋਖ ਨੂੰ ਖੱਪਰ (ਪਤ/ ਪੱਤਰ) ਤੇ ਝੋਲੀ ਬਣਾ, ਅੰਮ੍ਰਿਤ ਨਾਮ ਦਾ ਚੂਰਮਾ (ਭੁਗਤਿ) ਆਪਣੇ ਹਿਰਦੇ ਰੂਪ ਖੱਪਰ ਵਿੱਚ ਪਾ (ਵਸਾ), ਪ੍ਰਭੂ ਚਰਨਾਂ ਵਿੱਚ ਚਿੱਤ ਜੋੜੀ ਰੱਖਣ (ਧਿਆਨ) ਨੂੰ ਤੂੰ ਆਪਣੇ ਹੱਥ ਦਾ ਡੰਡਾ ਬਣਾ, ਸ਼ਬਦ ਨਾਲ ਸੁਰਤ ਜੋੜੀ ਰੱਖਣ (ਨਾਮ ਸਿਮਰਨ) ਦੀ ਸਿੰਙੀ ਵਜਾਇਆ ਕਰ, ਆਪਣੇ ਮਨ ਨੂੰ ਪ੍ਰਭੂ ਦੀ ਯਾਦ ਵਿੱਚ ਪੱਕਾ ਕਰ, ਇਸ ਆਸਣ ਤੇ ਬੈਠਿਆ ਕਰ, ਇਸ ਅਭਿਆਸ ਨਾਲ ਤੇਰੀ ਕਲਪਣਾ ਮਿਟੇਗੀ, ਜੇ ਤੂੰ ਸਰੀਰ ਰੂਪੀ ਨਗਰੀ ਅੰਦਰ ਹੀ ਟਿਕ ਕੇ ਪ੍ਰਭੂ ਦੇ ਦਰ ਤੋਂ ਨਾਮ-ਦਾਨ ਮੰਗਣਾ ਸ਼ੁਰੂ ਕਰ ਦੇਵੇਂ ਤਾਂ ਤੈਨੂੰ 'ਨਾਮ' ਪ੍ਰਾਪਤ ਹੋ ਜਾਵੇਗਾ।

ਜੋਗ ਦਾ ਅਰਥ ਹੈ ਜੁੜਨਾ (ਮੇਲ)। ਜੋਗੀ ਦਾ ਟੀਚਾ ਹੈ ਆਤਮਾ ਦਾ ਪਰਮ-ਆਤਮਾ ਨਾਲ ਮੇਲ। ਅਖੌਤੀ ਜੋਗੀ ਇਸ ਉਦੇਸ਼ ਦੀ ਪੂਰਤੀ ਲਈ ਅਜੀਬ ਕਿਸਮ ਦਾ ਭੇਖ ਧਾਰਨ ਕਰ ਕੇ ਤਰ੍ਹਾਂ ਤਰ੍ਹਾਂ ਦੇ ਆਸਣ ਲਗਾਉਂਦੇ ਹਨ ਤੇ ਤੀਰਥ ਇਸ਼ਨਾਨ ਕਰਦੇ ਹਨ। ਸਿੱਖ ਗੁਰੂ ਸਾਹਿਬਾਨ ਅਖੌਤੀ ਜੋਗੀਆਂ ਦੇ ਪ੍ਰਭੂ ਪ੍ਰਾਪਤੀ ਲਈ ਅਪਨਾਏ ਜਾਂਦੇ ਢੰਗ ਤਰੀਕਿਆਂ ਨਾਲ ਸਹਿਮਤ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਐਲਾਨ ਹੈ -

ਜੋਗੁ ਨ ਖਿੰਥਾ, ਜੋਗੁ ਨ ਡੰਡੈ,
ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ,
ਜੋਗੁ ਨ ਸਿੰਙੀ ਵਾਈਐ॥-----
ਜੋਗੁ ਨ ਬਾਹਰਿ ਮੜੀ ਮਸਾਣੀ,
ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ,
ਜੋਗੁ ਨ ਤੀਰਥਿ ਨਾਈਐ॥-----

ਗੁਰੂ ਸਾਹਿਬ 'ਜੋਗ ਦੀ ਜੁਗਤਿ' ਅੱਧੇ ਵਾਕ ਵਿਚ ਹੀ ਬਿਆਨ ਕਰ ਰਹੇ ਹਨ-

'ਅੰਜਨ ਮਾਹਿ ਨਿਰੰਜਨਿ ਰਹੀਐ'

ਪਰ ਮਾਇਆ ਦੇ ਮੋਹ ਦੀ ਕਾਲਖ ਵਿੱਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਪ੍ਰਭੂ (ਨਿਰੰਜਨ) ਵਿੱਚ ਜੁੜੇ ਰਹਿਣਾ ਕੋਈ ਸੌਖੀ ਗੱਲ ਨਹੀਂ। ਔਖੀ ਘਾਟੀ ਨੂੰ ਪਾਰ ਕਰਨ ਵਾਸਤੇ ਸਾਨੂੰ ਸਤਿ-ਗੁਰੂ ਦੀ ਸ਼ਰਨ ਵਿੱਚ ਆਉਣਾ ਪਵੇਗਾ। ਸਤਿਗੁਰੂ ਦੀ ਸ਼ਰਨ ਵਿੱਚ ਆਉਣ ਨਾਲ ਸਾਨੂੰ ਸਹੀ ਜੋਗ-ਜੁਗਤਿ ਦਾ ਪਤਾ ਲੱਗ ਜਾਵੇਗਾ, ਸਤਿਗੁਰੂ ਸਾਨੂੰ ਗੁਰ ਦੀਖਿਆ ਵਜੋਂ 'ਨਾਮ' ਦ੍ਰਿੜ੍ਹ ਕਰਵਾ ਦੇਵੇਗਾ, ਅਸੀਂ ਫਿਰ ਸਿੱਧੇ

(ਬਾਕੀ ਪੰਨਾ ੫ ਤੇ......)



www.AKJ.Org

# ਜੋਗੀ ਕੌਣ ਹਨ ?

(ਭਾਈ ਸਾਹਿਬ ਰਣਧੀਰ ਸਿੰਘ ਜੀ)

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ।।
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ।।
ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ।।
ਆਦੇਸੁ ਤਿਸੈ ਆਦੇਸੁ।।
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ।।੨੮।।

(ਜਪੁਜੀ ਸਾਹਿਬ)

ਇਸ ਗੁਰਵਾਕ ਅੰਦਰ ਇਕ ਅਕਾਲ ਪੁਰਖ ਦੀ ਗੁਰਮਤਿ-ਉਪਾਸ਼ਨਾ ਸ੍ਰੇਸ਼ਟ ਸਿੱਧ ਕੀਤੀ ਹੈ ਅਤੇ ਜੋਗੀਆਂ ਦੀ ਪਖੰਡ-ਕ੍ਰਿਆ ਦਾ ਨਿਖੇਧ ਕਰ ਕੇ ਤਿਨ੍ਹਾਂ ਆਨਮਤੀਆਂ ਨੂੰ ਸਿੱਧੇ ਗੁਰਮਤਿ ਦੇ ਰਸਤੇ ਤੇ ਲਾਉਣ ਦਾ ਪਰਯਤਨ ਕੀਤੀ ਗਿਆ ਹੈ। ਕੰਨ-ਪਾਟੇ ਜੋਗੀ ਕੰਨ ਨੂੰ ਪਾੜ ਕੇ ਮੁੰਦਰਾਂ ਪਾਉਣ ਨੂੰ ਇਕ ਸ੍ਰੇਸ਼ਟ-ਯੋਗ ਕਰਮ ਜਾਣਦੇ ਹਨ, ਗੁਰੂ ਸਾਹਿਬ ਨੇ ਇਨ੍ਹਾਂ ਨੂੰ ਇਉਂ ਉਪਦੇਸ਼ਿਆਂ ਹੈ ਕਿ ਹੇ ਜੋਗੀਓ ! ਕੰਨ ਦੀਆਂ ਮੁੰਦਰਾਂ ਦੇ ਥਾਉਂ ਸੰਤੋਖ ਦੀਆਂ ਮੁੰਦਰਾਂ ਪਾਵੋ, ਸੰਤੋਖ ਨੂੰ ਧਾਰਨ ਕਰੋ। ਸੰਤੋਖ ਧਾਰਨ ਲਈ ਕੰਨਾਂ ਨੂੰ ਛੇਦਨ ਦੇ ਥਾਉਂ ਆਪਣੀਆਂ ਖ਼ਾਹਸ਼ਾਂ (ਵਾਸ਼ਨਾਵਾਂ) ਦਾ ਛੇਦਨ ਕਰੋ, ਅਤੇ ਹੇ ਜੋਗੀਓ ! ਜੇ ਤੁਸੀਂ ਖੱਪਰ ਤੇ ਝੋਲੀ ਦੀ ਧਾਰਨਾ ਧਾਰ ਕੇ ਜੋਗੀ ਬਣੇ ਫਿਰਦੇ ਹੋ, ਇਸ ਦੇ ਥਾਉਂ, ਉਦਮ (ਸਰਮ) ਦਾ ਖੱਪਰ ਅਤੇ ਉਦਮ ਦੀ ਝੋਲੀ ਧਾਰਨ ਕਰੋ। ਸਰੀਰ ਉੱਤੇ ਸੁਆਹ (ਬਿਭੂਤੀ) ਮਲ ਕੇ ਜੋਗੀ ਬਣਿਆਂ ਕੁੱਝ ਨਹੀਂ ਸੰਵਰਦਾ। ਸੱਚੇ ਜੋਗੀ ਉਹ ਹਨ ਜੋ ਅੰਮ੍ਰਿਤ ਵੇਲੇ ਉਠ ਕੇ ਉਦਮ ਧਾਰ ਕੇ ਨਾਮ ਅਭਿਆਸ ਰੂਪੀ ਨਾਮ ਦੀ ਸੱਚੀ ਬਿਭੂਤੀ ਸਰੀਰ ਦੇ ਰੋਮ ਰੋਮ ਤੇ ਅੰਗ ਅੰਗ ਨੂੰ ਪ੍ਰਫੁਲਤ ਕਰਨ ਲਈ ਮਲਦੇ ਹਨ। ਨਾਮ ਅਭਿਆਸ ਵਿਚ ਜੁੱਟ ਜਾਣ ਲਈ, ਸੱਚੇ ਨਾਮ ਅਭਿਆਸ ਵਿੱਚ ਜੁੱਟ ਜਾਣ ਲਈ, ਸੱਚੇ ਨਾਮ ਅਭਿਆਸੀ-ਜੋਗੀ ਸੰਸਾਰੀ ਬਿਵਹਾਰਾਂ ਤੇ ਮਾਇਆ ਵਿੱਚ ਖਚਤ ਹੋਣ ਵਾਲੇ ਕਾਰਾਂ (ਕਰਤਬਾਂ) ਤੋਂ ਸਦਾ ਉਪਰਾਮ ਹੋਣ ਲਈ ਸਦਾ ਹੀ ਕਾਲ (ਮੌਤ) ਨੂੰ ਆਪਣੇ ਸਿਰ ਤੇ ਖੜ੍ਹੀ ਜਾਣਦੇ ਹਨ। ਕੱਚੇ ਜੋਗੀ ਕਫਨੀ (ਖਿੰਥਾ) ਦੇ ਵੇਸ ਨੂੰ ਧਾਰਨਾ ਹੀ ਯੋਗ-ਸਾਧਨਾ ਮੰਨੀ ਬੈਠੇ ਹਨ। ਤਾਂ ਤੇ ਗੁਰੂ ਸਾਹਿਬ ਜੋਗੀਆਂ ਨੂੰ ਫੁਰਮਾਂਦੇ ਹਨ ਕਿ ਕਾਲ ਨੂੰ ਸਦਾ ਸਿਰ ਤੇ ਜਾਨਣ ਲਈ ਖਿੰਥਾ ਦਾ ਵੇਸ ਧਾਰਨ ਕਰੋ, ਦੇਹੀ (ਕਾਇਆ) ਕੂੜ ਕਪਟ ਵੇਸ-ਕਿਰਿਆ ਨਾਲ ਸੋਧ-ਪਵਿਤਰ ਨਹੀਂ ਰਹਿ ਸਕਦੀ। ਇਸ ਨੂੰ ਸਦਾ ਪਵਿਤਰ ਤੇ ਕੰਚਨ ਰੱਖਣ ਲਈ ਪਵਿਤਰ ਆਚਰਣ ਰੱਖਣ ਦਾ ਕਵਾਰਪੁਣਾ ਧਾਰਨ ਕਰੋ। ਸੱਚੇ ਨਾਮ ਅਭਿਆਸ ਵਿੱਚ ਮਗਨ ਹੋਏ ਬਿਨਾਂ ਇਹ ਆਚਾਰ-ਪਵਿਤ੍ਰਤਾ ਤੇ ਕੰਚਨ-ਵੰਨੀ ਕਾਇਆਂ ਦਾ ਕਵਾਰਪੁਣਾ ਪ੍ਰਾਪਤ ਨਹੀਂ ਹੁੰਦਾ। ਗੁਰੂ ਅਕਾਲ ਪੁਰਖ ਉਪਰ ਸੱਚੀ ਨਿਸਚੇ-ਮਈ-ਪ੍ਰਤੀਤ-ਪ੍ਰਤਿਸ਼ਟਾ ਲਿਆਉਣਾ ਹੀ ਸਚੜੇ ਗ੍ਰਿਹਸਤ-ਉਦਾਸ ਗੁਰਮੁਖ ਜੋਗੀਆਂ ਦੀ ਸੱਚੀ ਜੁਗਤੀ ਹੈ। ਐਸੇ ਜੁਗਤੀਸ਼ਰ ਬਣ ਕੇ ਸੱਚੇ ਜੋਗੀ ਸਦਾਈਦਾ ਹੈ। ਡੰਡਾ ਧਾਰਨ ਕਰਨਾ ਕੋਈ ਸਾਧ-ਜੋਗ-ਸਾਧਨ ਨਹੀਂ, ਤਾਂ ਤੇ ਪ੍ਰਤੀਤ ਮਈ ਡੰਡਾ ਧਾਰਨ ਕਰੋ। ਜੋਗੀਓ ! ਹੇ ਜੋਗੀਓ ! ਤੁਸੀਂ ਜੋ ਆਪਣੇ ਬਾਰ੍ਹਾਂ ਪੰਥਾਂ (ਮਾਰਗਾਂ) ਵਿੱਚੋਂ ਆਈ ਪੰਥੀ ਨਾਮੇ ਮਾਰਗ ਨੂੰ ਸ੍ਰੇਸ਼ਟ ਜਾਣਦੇ ਹੋ, ਇਸ ਦੇ ਥਾਉਂ ਸਗਲਿਆਂ ਨਾਲ ਸੱਚੀ ਹਮਦਰਦੀ ਅਤੇ ਸਹਿਨ-ਸ਼ੀਲਤਾ ਦਾ ਵਰਤਾਉ ਰੱਖਣ ਲਈ ਗੁਰਮਤਿ ਨਾਮ ਅਭਿਆਸ ਦੁਆਰਾ ਆਪਣੇ ਮਨ ਨੂੰ ਮਾਰੋ। ਇਸ ਬਿਧਿ, ਕੇਵਲ ਇਸ ਬਿਧਿ ਹੀ ਮਨ ਜਿਤਿਆ ਜਾ ਸਕਦਾ ਹੈ ਅਤੇ ਮਨ ਜਿਤ ਕੇ ਜਗਤ ਜਿਤਿਆ ਜਾ ਸਕਦਾ ਹੈ ਅਤੇ ਸੱਚੀ ਸਹਿਨ-ਸ਼ੀਲਤਾ ਰਵਾਂ ਰੱਖੀ ਜਾ ਸਕਦੀ ਹੈ। ਇਹੀ ਸੱਚੀ ਹਮਦਰਦੀ ਅਤੇ ਰਵਾਦਾਰੀ ਰੱਖਣ ਲਈ ਸੱਚਾ ਗੁਰਮਤਿ ਆਈ ਪੰਥ ਮਾਰਗ ਹੈ। ਹੇ ਜੋਗੀਓ ! ਤੁਸਾਡੀ ਮਨਮਤਿ-ਮਈ ਕੱਚੀ ਪੁਕਾਰ 'ਆਦੇਸ' 'ਆਦੇਸ' ਦੇ ਥਾਉਂ ਸੱਚੜੇ "ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ," ਵਾਲੇ ਅਕਾਲ ਪੁਰਖ ਦੀ ਨਾਮ-ਅਭਿਆਸ -ਭਗਤੀ ਵਾਲਾ ਸਦੀਵੀ ਅਵਾਹਨ ਆਦੇਸ ਧਾਰਨ ਕਰੋ। ਸਦਾ ਵਾਹਿਗੁਰੂ ਵਾਹਿਗੁਰੂ ਉਚਾਰਨ ਤੋਂ ਵਿਲੱਖਣ ਹੋਰ ਕੋਈ (ਅਵਾਹਨ) ਉਚਾਰਨ ਆਦੇਸ ਨਹੀਂ, ਕਿਉਂਕਿ ਵਾਹਿਗੁਰੂ ਦੀ ਆਦਿ ਸ਼ਕਤੀ ਹੈ, ਨੀਲ ਸੰਖ ਆਦਿ ਦੀ ਗਿਣਤੀ ਤੋਂ ਰਹਿਤ ਅਨੀਲ ਅਨਗਿਣਤ ਵਿਅਕਤੀ ਵਾਲਾ ਸ਼ਕਤੀਸ਼ਰ ਹੈ ਤਾਂ ਵਾਹਿਗੁਰੂ ਹੀ ਹੈ। ਜੁਗਾਂ ਦੇ ਆਦਿ ਤੋਂ ਪਹਿਲਾਂ ਦੀ ਅਨਾਦਿ ਹਸਤੀ ਵਾਲਾ ਅਤੇ ਇਸ ਅਨਾਦਿ ਹਸਤੀ ਤੋਂ ਕਦੇ ਭੀ ਰਹਿਤ ਨ ਹੋਣ ਵਾਲਾ ਅਨਾਹਤ ਸਰੂਪ ਹੈ ਤਾਂ ਵਾਹਿਗੁਰੂ ਹੀ ਹੈ, ਜੋ ਜੁਗਾਂ ਜੁਗਾਂਤਰਾਂ ਵਿਖੇ ਇਕੋ ਅਸਥਿਰ ਵੇਸ ਧਾਰਨ ਕਰੀ ਰੱਖਦਾ ਹੈ।

ਐਸੇ ਵਾਹਿਗੁਰੂ ਅਕਾਲ ਪੁਰਖ ਦੀ ਅਨਿੰਨ



www.AKJ.Org

ਉਪਾਸ਼ਨਾ ਦਾ ਸਿਧਾਂਤ ਹੀ ਪੂਰਨ ਗੁਰਮਤਿ ਵਿਧਾਨਤਾ ਵਾਲਾ ਹੈ। ਸਦਾ ਇਸੇ ਇਕੋ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਬਿਨਾਂ ਹੋਰ ਨਿਚਲੀ ਆਨਮਤਿ ਅਗਿਆਨ ਭੁਗਤ ਸਭ ਨਿਖੇਧਤ ਹੈ। ਸੱਚੀ ਭਗਤੀ, ਨਾਮ ਰੂਪੀ ਸੱਚੇ ਗਿਆਨ-ਮਈ ਭੋਜਨ ਬਿਨਾਂ ਹੋਰ ਕੋਈ ਭੁਗਤ ਗੁਰੂ ਘਰ ਵਿਖੇ ਦਰਕਾਰ ਨਹੀਂ। ਹਰ ਏਕ ਜੀਵ ਮਾਤਰ ਉਤੇ ਦਇਆ ਕਰਨੀ ਹੀ ਸੱਚੇ ਭੰਡਾਰੇ ਵੰਡਣ ਵਾਲੀ ਭੰਡਾਰਣ ਨੂੰ ਧਾਰਨ ਕਰੋ। ਹੇ ਜੋਗੀਓ ! ਤੁਸੀਂ ਹੇ ਜੋਗੀਓ ! ਜੋ ਘਰ ਘਰ, ਦਰ ਦਰ ਮੰਗਣ ਲਈ ਝੂਠੇ ਤੇ ਬਨਾਵਟੀ ਨਾਦ ਬਜਾਉਂਦੇ ਫਿਰਦੇ ਹੋ, ਇਸ ਦੇ ਥਾਉਂ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਸਦਾ ਅਨਾਹਦ ਨਾਦ ਘਟ ਘਟ ਅੰਦਰ ਸਦਾ ਬਜਾਈ ਜਾਣਾ ਹੀ ਸੱਚੀ ਜੋਗ ਜੁਗਤਿ ਹੈ। "ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।" ਤੁਸੀਂ ਜੋ ਹੇ ਜੋਗੀਓ ! ਆਪਣੇ ਅੰਗਾਂ ਨੂੰ ਨਥ ਕੇ ਨਾਥ ਕਹਾਉਂਦੇ ਹੋ ਅਤੇ ਰਿੱਧੀ ਸਿੱਧੀ ਦੇ ਮਾਲਕ ਕਹਾਉਂਦੇ ਹੋ, ਇਹ ਤੁਹਾਡੀ ਸਭ ਕੂੜ ਕਪਟ ਕਿਰਿਆ ਹੈ। ਸਾਰੀ ਸ੍ਰਿਸ਼ਟੀ ਦਾ ਨਾਥ ਅਕਾਲ ਪੁਰਖ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਨਥ ਕੇ ਥੰਮਿਆ ਹੋਇਆ ਹੈ। ਉਸੇ ਸੱਚੇ ਨਾਥ ਵਾਹਿਗੁਰੂ ਦੀ ਉਪਾਸ਼ਨਾ ਵਿਚ ਲੀਨ ਹੋਣਾ ਤੇ ਨਿਰੋਲਤਾ ਸਹਿਤ ਲੀਨ ਹੋਣਾ ਗੁਰਮਤਿ ਮਾਰਗ ਦਾ ਸੱਚਾ ਸਿਧਾਂਤ ਹੈ। ਗੁਰਮਤਿ ਨਾਮ ਦੀ ਲੀਨਤਾ ਬਿਨਾਂ ਹੋਰ ਕੋਈ ਰਿਧੀ ਸਿਧੀ ਗੁਰਮਤਿ ਅੰਦਰ ਪਰਵਾਨ ਨਹੀਂ। ਜੋਗੀਆਂ ਨਾਥਾਂ ਵਾਲੀਆਂ ਕੂੜਾਵੀਆਂ ਰਿਧੀਆਂ ਸਿਧੀਆਂ ਨਾਮ ਦੇ ਸੱਚੇ ਰਸ ਤੋਂ ਕੂੜਾਵੇ ਹੋਛੇ ਐਰੇ ਗੈਰੇ ਸਵਾਦਾਂ ਵਿਚ ਲੰਪਤ ਲੁਭਾਇਮਾਨ ਹੋਣ ਵਾਲੀਆਂ ਕੁਬਿਰਤੀਆਂ ਵਾਲੇ ਕੁਚੱਜ ਹਨ। ਨਾਮ-ਰਸ ਵਾਲੇ ਸੱਚੇ ਗੁਰਮੁਖ ਜੋਗੀ ਇਨ੍ਹਾਂ ਰਿਧੀਆਂ ਸਿਧੀਆਂ ਵਾਲੇ ਹੋਛੇ ਰਸਾਂ ਵਿਚ ਨਹੀਂ ਪੈਂਦੇ, ਰਿਧੀ ਸਿਧੀ ਦਾ ਇਹ ਕੁ-ਰਸ ਸਭ ਮੋਹ ਰੂਪ ਹੈ, ਜੋ ਨਾਮ ਵਿਚ ਲੱਗਣ ਨਹੀਂ ਦੇਂਦਾ, ਨਾਮ-ਪ੍ਰਾਪਤੀ ਤੋਂ ਦੁਰੇਡੇ ਰੱਖਦਾ ਹੈ। ਨਾਮ-ਪ੍ਰਾਪਤੀ ਤੋਂ ਹੀਣੇ ਤੇ ਤੱਤ ਗੁਰਮਤਿ ਤੋਂ ਗਿਰੇ ਹੋਏ ਮਨਮੁਖੀ ਪੁਰਸ਼ ਹੀ ਇਨ੍ਹਾਂ ਰਿਧੀਆਂ ਸਿਧੀਆਂ ਵਾਲੇ ਹੋਛੇ ਸਵਾਦਾਂ ਵਿਚ ਪੈਂਦੇ ਹਨ। ਯਥਾ ਗੁਰਵਾਕ :

ਰਿਧਿ ਸਿਧਿ ਸਭੁ ਮੋਹੁ ਹੈ,
ਨਾਮੁ ਨ ਵਸੈ ਮਨਿ ਆਇ।।੧।।੧੯।।

(ਸਲੋਕ ਮ: ੩, ਵਡਹੰਸ ਕੀ ਵਾਰ, ਪੰਨਾ ੫੯੩)

ਜਿਨ੍ਹਾਂ ਨੂੰ ਰਿਧੀਆਂ ਸਿਧੀਆਂ ਦਾ ਸਵਾਦ ਚਸਕਾ ਪੈ ਗਿਆ ਹੈ, ਉਨ੍ਹਾਂ ਦੇ ਮਨ ਅੰਦਰ ਨਾਮ ਵਸਦਾ ਹੀ ਨਹੀਂ, ਉਹ ਹੇਠਲੇ ਸਵਾਦਾਂ ਵਿਚ ਹੀ ਸਦਾ ਖਚਿਤ ਰਹਿੰਦੇ ਹਨ।

ooooo

ਪੰਨਾ ੩ ਦਾ ਬਾਕੀ........

ਰਾਹ ਪੈ ਜਾਵਾਂਗੇ ਅਤੇ ਚੱਲਦੇ ਚੱਲਦੇ ਆਪਣੇ ਟਿਕਾਣੇ (ਨਿਜ-ਘਰ) ਪੁੱਜ ਜਾਵਾਂਗੇ, ਜੀਵਾਤਮਾ (ਜੀਵ-ਆਤਮਾ) ਦਾ ਪਰਮ-ਆਤਮਾ (ਪਰਮਾਤਮਾ) ਨਾਲ ਮੇਲ ਹੋ ਜਾਵੇਗਾ, ਜੋਤ ਪ੍ਰਗਟ ਹੋ ਜਾਵੇਗੀ, ਅਨਹਦ ਸ਼ਬਦ ਵੱਜਣ ਲੱਗ ਪਵੇਗਾ, ਅੰਮ੍ਰਿਤ ਦੇ ਝਰਨੇ ਫੁੱਟ ਪੈਣਗੇ, ਬਾਹਰ ਦੌੜਦਾ ਮਨ ਟਿਕ ਕੇ ਬੈਠ ਜਾਵੇਗਾ, ਸਹਿਜ ਪਦ ਦੀ ਪ੍ਰਾਪਤੀ ਹੋ ਜਾਵੇਗੀ, ਅਨੰਦੋ ਅਨੰਦ ਹੋ ਜਾਵੇਗਾ, ਅਸੀਂ ਪੁਕਾਰ ਉਠਾਂਗੇ-

ਜੋਗ ਜੁਗਤਿ ਸੁਨਿ ਆਇਓ ਗੁਰ ਤੇ।।
ਮੋ ਕਉ ਸਤਿਗੁਰ ਸਬਦਿ ਬੁਝਾਇਓ।।

(ਪੰਨਾ ੨੦੮)

ਇਉਂ ਸਤਿਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਕਹੇ ਸ਼ਬਦ ਸਤਿ ਲੱਗਣ ਲੱਗ ਜਾਣਗੇ-

ਸਤਿਗੁਰੁ ਭੇਟੈ ਤਾ ਸਹਸਾ ਤੂਟੈ,
ਧਾਵਤੁ ਵਰਜਿ ਰਹਾਈਐ।।
ਨਿਝਰੁ ਝਰੈ, ਸਹਜ ਧੁਨਿ ਲਾਗੈ,
ਘਰ ਹੀ ਪਰਚਾ ਪਾਈਐ।।
ਹਾਂ ਜੀ ! "ਐਸਾ ਜੋਗੁ ਕਮਾਈਐ" ............
'ਵਾਜੇ ਬਾਝਹੁ ਸਿੰਙੀ ਵਾਜੈ,
ਤਉ ਨਿਰਭਉ ਪਦੁ ਪਾਈਐ।। .........
ਅੰਜਨ ਮਾਹਿ ਨਿਰੰਜਨਿ ਰਹੀਐ,
ਜੋਗ ਜੁਗਤਿ ਤਉ ਪਾਈਐ .........
ਜੋਗ ਜੁਗਤਿ ਤਉ ਪਾਈਐ ........
ਜੋਗ ਜੁਗਤਿ ਤਉ ਪਾਈਐ।।

ooooo

## ਗੁਰ-ਸਿਖ ਜੋਗੀ

ਗੁਰਸਿਖ ਜੋਗੀ ਜਾਗਦੇ
ਮਾਇਆ ਅੰਦਰਿ ਕਰਨਿ ਉਦਾਸੀ।
ਕੰਨੀ ਮੁੰਦਰਾ ਮੰਤ੍ਰ ਗੁਰ,
ਸੰਤਾ ਧੂੜਿ ਬਿਭੂਤ ਸੁ ਲਾਸੀ।
ਖਿੰਥਾ ਖਿਮਾ ਹੰਢਾਵਣੀ,
ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ।
ਸਬਦ ਸੁਰਤਿ ਸਿੰਙੀ ਵਜੈ,
ਡੰਡਾ ਗਿਆਨੁ ਧਿਆਨੁ ਗੁਰਦਾਸੀ।
ਸਾਧ ਸੰਗਤਿ ਗੁਰ ਗੁਫੈ ਬਹਿ,
ਸਹਜਿ ਸਮਾਧਿ ਅਗਾਧਿ ਨਿਵਾਸੀ।
ਹਉਮੈ ਰੋਗ ਅਰੋਗ ਹੋਇ,
ਕਰਿ ਸੰਜੋਗੁ ਵਿਜੋਗ ਖਲਾਸੀ।
ਸਾਧ ਸੰਗਤਿ ਗੁਰਮਤਿ ਸਾਬਾਸੀ।।੧੫।।

(ਭਾਈ ਗੁਰਦਾਸ ਜੀ, ਵਾਰ ੨੯/੧੫)



www.AKJ.Org

# ਸਿੱਖ ਧਰਮ ਦੀ ਲੋੜ ਕਿਉਂ ?

(ਸੂਬੇਦਾਰ ਧਰਮ ਸਿੰਘ ਸੁੱਜੋਂ)

ਇਹ ਇੱਕ ਸਵਾਲ ਬਹੁਤ ਬਾਰੀ ਸੁਨਣੇ ਵਿੱਚ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ, ਸੰਸਾਰ ਵਿੱਚ ਬਹੁਤ ਵੱਡੀ-ਵੱਡੀ ਅਬਾਦੀ ਵਾਲੇ ਅਨੇਕ ਮੱਤਿ ਪਹਿਲਾਂ ਮੌਜੂਦ ਸਨ ਤਾਂ ਆਪ ਜੀ ਨੂੰ ਇਕ ਹੋਰ ਨਿੱਕਾ ਜਿਹਾ ਸਿੱਖ ਧਰਮ, ਜਿਸਦੀ ਸਾਰੀ ਅਬਾਦੀ, ਹਾਲੇ ਸ਼ਾਇਦ ਦੋ ਕਰੋੜ ਤੱਕ ਵੀ ਨਾ ਪੁੱਜੀ ਹੋਵੇ, ਖੜ੍ਹਾ ਕਰਨ ਦੀ ਕੀ ਲੋੜ ਪਈ ਸੀ ? ਓਪਰੀ ਨਜ਼ਰੇ ਤਕਿਆ ਤਾਂ ਇਸ ਸਵਾਲ ਦੀ ਕੋਈ ਖਾਸ ਐਹਮੀਅਤ ਨਜ਼ਰ ਨਹੀਂ ਆਉਂਦੀ ਪਰ ਜਦੋਂ ਭੱਟਾਂ ਦੀ ਬਾਣੀ ਵਿੱਚ ਪੜ੍ਹਦੇ ਹਾਂ ਕਿ-

ਆਪਿ ਨਾਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ ।।
ਨਿਰੰਕਾਰਿ ਆਕਾਰੁ ਜੋਤਿ
ਜਗ ਮੰਡਲਿ ਕਰਿਯਉ ।। (ਪੰਨਾ ੧੩੯੫)

ਤਾਂ ਮੰਨਣਾ ਪੈਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਕੋਈ ਆਮ ਇਨਸਾਨ ਨਹੀਂ ਸਨ, ਸਗੋਂ ਨਾਰਾਇਣ ਆਪ ਕਲਾ ਧਾਰ, ਨਾਨਕ ਨਿਰੰਕਾਰੀ ਦੇ ਰੂਪ ਵਿੱਚ, ਇਸ ਜਗ ਮੰਡਲ ਵਿੱਚ ਆਏ। ਕਿਆ ਨਾਰਾਇਣ ਨਿਰੰਕਾਰੀ ਨੂੰ ਇਹ ਪਤਾ ਨਹੀਂ ਸੀ ਕਿ ਸਿੱਖ ਧਰਮ ਤੋਂ ਬਗੈਰ ਸੰਸਾਰ ਵਿਚ ਪਹਿਲਾਂ ਭੀ ਹੋਰ ਅਨੇਕ ਧਰਮ ਮੌਜੂਦ ਹਨ ? ਜਾਂ ਕਿਆ ਇਹ ਪਹਿਲਾਂ ਤੋਂ ਮੌਜੂਦ ਧਰਮ, ਸੰਸਾਰ ਦੇ ਜੀਵਾਂ ਦਾ ਉਧਾਰ ਨਿਸਤਾਰਾ ਕਰਨ ਦੇ ਸਮਰਥ ਨਹੀਂ ਸਨ ? ਜੇ ਨਹੀਂ ਤਾਂ ਕਿਉਂ ? ਕਿਆ ਇਹ ਨਵਾਂ ਧਰਮ ਸੰਸਾਰ ਦੇ ਜੀਵਾਂ ਦਾ ਉਧਾਰ ਨਿਸਤਾਰਾ ਕਰਨ ਦੀ ਯੋਗਤਾ ਰੱਖਦਾ ਹੈ ? ਯੋਗਤਾ ਰੱਖਦਾ ਹੈ ਤਾਂ ਕਿਵੇਂ ? ਇਹ ਕੁੱਝ ਐਸੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਲਭਣਾ ਕੁੱਝ ਜ਼ਰੂਰੀ ਪਰਤੀਤ ਹੁੰਦਾ ਹੈ।

ਹਰ ਇਕ ਮਜ਼ਹਬ ਦਾ ਸੰਬੰਧ ਇਨਸਾਨ ਦੇ ਉਧਾਰ ਨਿਸਤਾਰੇ ਜਾਂ ਕਲਿਆਨ ਨਾਲ ਹੈ। ਹਰ ਇਕ ਮਜ਼ਹਬ ਦੇ ਆਗੂਆਂ ਨੇ ਆਪੋ ਆਪਣੀ ਮੱਤ ਅਨੁਸਾਰ ਉਧਾਰ ਨਿਸਤਾਰੇ ਦਾ ਟੀਚਾ ਮੁਕੱਰਰ ਕੀਤਾ। ਇਸ ਮੁਕੱਰਰ ਕੀਤੇ ਹੋਏ ਟੀਚੇ ਤਕ ਪਹੁੰਚਣ ਲਈ ਵੱਖੋ ਵੱਖਰੇ ਢੰਗ ਤਰੀਕੇ ਜਾਂ ਰਾਹ ਅਪਨਾਏ। ਆਪੋ ਆਪਣਾ ਮੁਕੱਰਰ ਕੀਤਾ ਟੀਚਾ ਪਰਾਪਤ ਕਰਨ ਤੇ, ਉਧਾਰ ਨਿਸਤਾਰਾ ਹੋਇਆ ਸਮਝ, ਉਥੇ-ਉਥੇ ਹੀ ਸਤੁੰਸ਼ਟ ਹੋ ਬੈਠਦੇ ਰਹੇ।

ਵਿਚਾਰ ਅਧੀਨ ਨੁਕਤਾ ਇਹ ਹੈ ਕਿ ਉਧਾਰ ਨਿਸਤਾਰੇ ਜਾਂ ਕਲਿਆਨ ਦਾ, ਅਸਲ ਵਿਚ ਭਾਵ ਕੀ ਹੈ ? ਕੁਦਰਤ ਦਾ ਇਹ ਇਕ ਨਿਯਮ ਹੈ ਕਿ ਕੋਈ ਭੀ ਸ਼ੈ, ਜਿਸ ਭੀ ਸਰੋਤ ਤੋਂ ਉਪਜਦੀ ਹੈ ਆਖਰ ਉਸੀ ਸਰੋਤ ਵਿਚ ਲੀਨ ਹੋ, ਆਪਣਾ ਜੀਵਨ ਪੰਧ ਪੂਰਾ ਕਰਦੀ ਹੈ।

ਜਿਹ ਤੇ ਉਪਜਿਓ ਨਾਨਕਾ
ਲੀਨ ਤਾਹਿ ਮੈ ਮਾਨੁ ।। (ਪੰਨਾ ੧੪੨੭)

ਉਪਜ ਸਰੋਤ ਵਿਚ ਲੀਨਤਾ ਪਰਾਪਤ ਹੋਣ ਤਕ ਸਫਰ ਜਾਰੀ ਰਹਿੰਦਾ ਹੈ।

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ।।
(ਪੰਨਾ ੪੭੦)

ਸਰੀਰ ਰੱਥ ਜਾਂ ਗੱਡੀ ਹੈ। ਜੀਵ-ਆਤਮਾ ਇਸ ਦਾ ਰੱਥਵਾਹੁ ਜਾਂ ਡਰਾਈਵਰ ਹੈ। ਜਨਮ ਜਨਮਾਂਤਰਾਂ ਤੋਂ ਸਰੀਰ ਰੂਪੀ ਗੱਡੀ ਬਦਲਦੀ ਆ ਰਹੀ ਹੈ ਪਰ ਜੀਵ-ਆਤਮਾ ਰੂਪੀ ਡਰਾਈਵਰ ਨਹੀਂ ਬਦਲਦਾ ਉਹ ਪਹਿਲੇ ਵਾਲਾ ਹੀ ਰਹਿੰਦਾ ਹੈ। ਅਸੀਂ ਇਸ ਭੁਲੇਖੇ ਵਿਚ ਫਸੇ ਤੁਰੇ ਆ ਰਹੇ ਹਾਂ ਕਿ ਡਰਾਈਵਰ ਹੀ ਗੱਡੀ ਹੈ ਜਾਂ ਗੱਡੀ ਹੀ ਡਰਾਈਵਰ ਹੈ। ਭਾਵ ਇਹ ਹੈ ਕਿ ਅਸੀਂ ਜੀਵ ਆਤਮਾ ਨੂੰ ਕਦੇ ਦੇਖਿਆ ਹੀ ਨਹੀਂ, ਸਰੀਰ ਨੂੰ ਹੀ ਆਪਣਾ ਆਪ ਮੰਨਦੇ ਚਲੇ ਆ ਰਹੇ ਹਾਂ ਜਦੋਂ ਕਿ ਹਕੀਕਤ ਇਸ ਤੋਂ ਉਲਟ ਇਹ ਹੈ ਕਿ ਸਰੀਰ ਤਾਂ ਸਾਡੇ ਹੱਥ ਵਿਚ ਇਕ ਯੰਤਰ ਜਾਂ ਗੱਡੀ ਹੈ ਜਿਸ ਵਿੱਚ ਸਵਾਰ ਹੋ ਅਸੀਂ ਆਪਣਾ ਜੀਵਨ ਦਾ ਸਫਰ ਪੂਰਾ ਕਰਦੇ ਹਾਂ ਅਤੇ ਇਸ ਗੱਡੀ ਨੂੰ ਚਲਾਉਣ ਵਾਲਾ ਡਰਾਈਵਰ, ਜੀਵ ਆਤਮਾ, ਮੇਰੀ ਅਪਣੀ ਅਸਲ ਹਸਤੀ ਹੈ।

ਕਹੁ ਕਬੀਰ ਇਹੁ ਰਾਮ ਕੀ ਅੰਸੁ ।। (ਪੰਨਾ ੮੭੧)

ਜੀਵ-ਆਤਮਾ, ਰਾਮ ਜਾਂ ਪਰਮ-ਆਤਮਾ ਦੀ ਅੰਸ਼ ਹੈ। ਇਹ ਪਰਮ-ਆਤਮਾ ਤੋਂ ਵਿਛੜੀ ਹੈ। ਜਨਮ-ਜਨਮਾਤਰਾਂ ਤੋਂ ਮਰਨ-ਜੀਵਨ ਦੇ ਚੱਕਰ ਵਿੱਚ ਫਸੀ ਹੋਈ ਹੈ। ਉਪਰ ਲਿਖੇ ਕੁਦਰਤ ਦੇ ਨਿਯਮ ਅਨੁਸਾਰ, ਇਹ ਜਦੋਂ ਤੱਕ ਆਪਣੇ ਉਪਜ ਸਰੋਤ 'ਰਾਮ' ਵਿੱਚ ਲੀਨ ਹੋ-

'ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ।।'
(ਪੰਨਾ ੮੪੬)

ਤਕ ਨਹੀਂ ਪਹੁੰਚ ਜਾਂਦੀ ਉਦੋਂ ਤੱਕ ਇਸਦਾ ਸਫਰ ਜਾਰੀ ਰਹੇਗਾ।

ਯਹੂਦੀ, ਈਸਾਈ ਤੇ ਮੁਸਲਿਮ, ਇਹ ਤਿੰਨੋ ਮਤਿ ਪੁਨਰ ਜਨਮ ਦੇ ਸਿਧਾਂਤ ਨੂੰ ਨਹੀਂ ਮੰਨਦੇ। ਇਨ੍ਹਾਂ ਦਾ ਨਿਸ਼ਾਨਾ ਦੋਜ਼ਖ ਤੋਂ ਬਚਣਾ ਤੇ ਬਹਿਸ਼ਤ ਹਾਸਲ ਕਰਨਾ ਹੈ। ਦੋਜ਼ਖ ਦੁੱਖਾਂ ਦਾ ਘਰ ਹੈ ਤੇ ਬਹਿਸ਼ਤ ਵਿੱਚ ਹਰ ਪਰਕਾਰ ਦਾ ਸੁੱਖ ਪ੍ਰਾਪਤ ਹੁੰਦਾ ਹੈ। ਇਸ ਲਈ ਇਨ੍ਹਾਂ ਮੱਤਾਂ ਨੇ ਆਪਣੇ ਆਪਣੇ ਧਰਮ ਕਰਮ, ਇਸ ਪਰਕਾਰ ਦੇ ਥਾਪੇ ਹਨ ਜਿਨ੍ਹਾਂ ਤੇ ਅਮਲ ਕਰਕੇ, ਬਹਿਸ਼ਤ ਪਰਾਪਤ ਕਰ,



www.AKJ.Org

ਜ਼ਿੰਦਗੀ ਦਾ ਆਨੰਦ ਮਾਣ ਸਕਣ।

ਹਿੰਦੂਆਂ ਦੇ ਸਾਰਿਆਂ ਹੀ ਮੱਤਾਂ ਦਾ ਨਿਸ਼ਾਨਾ, ਜਨਮ ਮਰਨ ਤੋਂ ਮੁਕਤੀ ਪਰਾਪਤ ਕਰਨਾ ਹੈ। ਇਹ ਗਿਆਨ ਦੀ ਪਰਾਪਤੀ ਉਪਰੰਤ 'ਮੁਕਤੀ' ਹੋਣਾ ਮੰਨਦੇ ਹਨ। ਗਿਆਨ ਕਿਸ ਚੀਜ਼ ਦਾ? ਆਤਮਾ ਜਾਂ ਪਰਮ-ਆਤਮਾ ਦਾ। 'ਅਹੰਬ੍ਰਹਮ ਅਸਮੀ' ਆਪਣੀ ਆਤਮਾ ਨੂੰ ਹੀ ਬ੍ਰਹਮ ਜਾਂ ਪਰਮ-ਆਤਮਾ ਮੰਨਦੇ ਹਨ। ਇਸ ਲਈ ਇਨ੍ਹਾਂ ਦਾ ਜ਼ਿੰਦਗੀ ਦਾ ਨਿਸ਼ਾਨਾ, ਆਪਣੀ ਜੀਵ-ਆਤਮਾ ਨੂੰ ਸ਼ਾਖਸ਼ਾਤ ਕਰਨਾ ਹੈ।

ਇਹ ਠੀਕ ਹੈ ਕਿ ਜਦੋਂ ਪਰਾਣੀ ਆਪਣੀ ਆਤਮਾ ਨੂੰ, ਜੋਤਿ ਜਾਂ ਰੌਸ਼ਨੀ ਦੇ ਰੂਪ ਵਿੱਚ ਪਰਤੱਖ ਦੇਖਦਾ ਹੈ ਤਾਂ ਉਸਦਾ ਇਹ ਭੁਲੇਖਾ ਦੂਰ ਹੋ ਜਾਂਦਾ ਹੈ ਕਿ ਉਹ ਸਰੀਰ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਉਹ ਸਰੀਰ ਨਹੀਂ ਬਲਕਿ ਜੋਤਿ ਸਰੂਪ ਆਤਮਾ ਹੈ। ਇਸ ਗਿਆਨ ਦੀ ਪਰਾਪਤੀ ਤੇ, ਸਰੀਰ ਨੂੰ ਆਪਾ ਮਨ, ਜੋ ਭੀ ਕਰਮ ਕੀਤੇ ਜਾਂਦੇ ਰਹੇ ਸਨ ਉਹ ਆਪਣੇ ਆਪ ਹੀ ਦਘਦ ਹੋ ਜਾਂਦੇ ਹਨ। ਕਰਮਾਂ ਦਾ ਫਲ ਭੋਗਣ ਲਈ ਹੀ ਅਸੀਂ ਅੱਗੇ ਹੋਰ ਜਨਮ ਲੈਂਦੇ ਹਾਂ। ਜਦੋਂ ਕਰਮ ਹੀ ਦਘਦ ਹੋ ਗਏ ਤਾਂ ਫੱਲ ਕਿਸ ਚੀਜ਼ ਦਾ? ਇਸ ਲਈ ਇਹ ਪਦ ਪੁੱਗ ਕੇ ਜੀਵ-ਆਤਮਾ, ਜਨਮ ਮਰਨ ਤੋਂ ਮੁਕਤ ਹੋ ਜਾਂਦੀ ਹੈ। ਇਸ ਹਕੀਕਤ ਦੀ ਪੁਸ਼ਟੀ ਗੁਰਬਾਣੀ ਭੀ ਇਨ੍ਹਾਂ ਸ਼ਬਦਾਂ ਨਾਲ ਕਰਦੀ ਹੈ -

ਗਿਆਨੈ ਕਾਰਨ ਕਰਮ ਅਭਿਆਸੁ।।
ਗਿਆਨੁ ਭਇਆ ਤਹ ਕਰਮਹ ਨਾਸੁ।। (ਪੰਨਾ ੧੧੬੭)

ਪ੍ਰਾਣੀ, ਮੁਕਤੀ ਪਰਾਪਤ ਕਰ, ਜ਼ਿੰਦਗੀ ਦਾ ਨਿਸ਼ਾਨਾ ਪੂਰਾ ਹੋਇਆ ਸਮਝ, ਇਥੇ ਹੀ ਸਤੁੰਸ਼ਟ ਹੋ ਕੇ ਬੈਠ ਜਾਂਦਾ ਹੈ। ਚੂੰਕਿ ਉਹ ਆਪਣੀ ਆਤਮਾ ਨੂੰ ਹੀ ਬ੍ਰਹਮ ਮੰਨਦਾ ਹੈ ਅਤੇ ਕਿਸੀ ਹੋਰ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ ਤਾਂ ਇਸਨੇ ਅੱਗੇ ਹੋਰ ਸਫ਼ਰ ਕਿਸ ਲਈ ਕਰਨਾ ਸੀ? ਇਸ ਲਈ ਇਸਦਾ ਸਫ਼ਰ ਹਾਲੇ ਖਤਮ ਨਹੀਂ ਹੋਇਆ, ਅਧ-ਵਾਟੇ ਹੀ ਰਹਿ ਗਿਆ।

ਇਥੇ ਇਹ ਸਵਾਲ ਹੋ ਸਕਦਾ ਹੈ ਕਿ ਜਦੋਂ ਮੁਕਤੀ ਹੀ ਹੋ ਗਈ, ਜਨਮ-ਮਰਨ ਦਾ ਚੱਕਰ ਹੀ ਖਤਮ ਹੋ ਗਿਆ ਤਾਂ ਹੁਣ ਅੱਗੇ ਹੋਰ ਕਿਹੜੇ ਸੁਖ ਦਾ ਲੋਭ ਜਾਂ ਲਾਲਚ ਹੈ ਜਿਸ ਨੂੰ ਹਾਸਲ ਕਰਨ ਲਈ, ਫੇਰ ਨਵੇਂ ਸਿਰੇ ਤੋਂ, ਕਿਸੀ ਹੋਰ ਸਫ਼ਰ ਦੇ ਚੱਕਰ ਵਿੱਚ ਪੈ ਜਾਈਏ? ਸਵਾਲ ਦਰੁਸਤ ਹੈ।

ਜਪੁ ਜੀ ਸਾਹਿਬ ਦੀ ਬਾਣੀ ਵਿੱਚ, ਪੰਜਾਂ ਖੰਡਾਂ ਦਾ ਜ਼ਿਕਰ ਮਿਲਦਾ ਹੈ ਜਿਸ ਦੀ ਵਿਆਖਿਆ ਵੱਖੋ ਵੱਖ ਟੀਕਾਕਾਰਾਂ ਨੇ ਆਪੋ ਆਪਣੀ ਬੁੱਧੀ ਅਨੁਸਾਰ, ਵੱਖੋ ਵੱਖ ਕੀਤੀ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਦੀ ਜੋ ਵਿਆਖਿਆ ਕੀਤੀ ਹੈ, ਉਸ ਦਾ ਵੇਰਵਾ, ਉਨ੍ਹਾਂ ਦੀ ਲਿਖੀ ਪੁਸਤਕ 'ਸਚਖੰਡ ਦਰਸ਼ਨ' ਵਿੱਚ ਦਰਜ ਹੈ, ਜੋ ਇਕ ਨਿਰਾਲੀ ਤੇ ਅਦੁੱਤੀ ਵਿਆਖਿਆ ਹੈ। ਉਹ ਇਸ ਲਈ ਕਿ ਟੀਕਾਰਾਰਾਂ ਵਲੋਂ ਕੀਤੀ ਵਿਆਖਿਆ, ਉਨ੍ਹਾਂ ਦੇ ਆਪੋ ਆਪਣੇ ਬੁੱਧੀ ਬਲ ਦਾ ਸਿਰਫ਼ ਅਨੁਮਾਨ ਹੀ ਹੈ, ਜਦੋਂ ਕਿ ਭਾਈ ਸਾਹਿਬ ਨੇ ਪਹਿਲਾਂ, ਨਾਮ ਬਾਣੀ ਦੀ ਅਤੁੱਟ ਕਮਾਈ ਕੀਤੀ, 'ਸਤਿਗੁਰਿ ਮਿਲਿਐ ਦਿਬ-ਦ੍ਰਿਸਟਿ ਹੋਈ (੬੨੨)' ਦਿਬ-ਦ੍ਰਿਸਟੀ ਦੀ ਪ੍ਰਾਪਤੀ ਤੇ ਜੋ ਕੁੱਝ ਉਨ੍ਹਾ ਪਰਤੱਖ ਤੌਰ ਤੇ ਅਨੁਭਵ ਜਾਂ experience ਕੀਤਾ ਸਿਰਫ ਉਹ ਕੁਝ ਹੀ ਬਿਆਨ ਕੀਤਾ। ਉਨ੍ਹਾਂ ਦੀ ਇਸ ਵਿਸ਼ੇ ਤੇ ਕੀਤੀ ਵਿਆਖਿਆ, ਜ਼ਿਆਦਾ ਕਾਬਲੇ-ਯਕੀਨ ਹੈ।

ਆਪ ਜੀ ਦੀ ਕੀਤੀ ਵਿਆਖਿਆ ਦਾ ਸਾਰਅੰਸ਼ ਇਸ ਪਰਕਾਰ ਹੈ ਕਿ ਸਾਡੇ ਮਾਤ ਲੋਕ ਤੋਂ ਇਲਾਵਾ ਕੁਦਰਤ ਦੀ ਕਾਇਨਾਤ ਦੇ ਅੰਦਰ, ਧਰਮਖੰਡ ਤੋਂ ਲੈ ਕੇ ਸੱਚਖੰਡ ਤੱਕ, ਪੰਜ ਵੱਖੋ ਵੱਖ Universes, Regions ਜਾਂ ਤਬਕੇ ਹਨ, ਜਿਨ੍ਹਾਂ ਦੇ ਨਾਮ ਹਨ, ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ। ਇਹ ਸਾਰੇ ਦੇ ਸਾਰੇ ਮਾਤ ਲੋਕ ਵਾਂਗੂੰ ਘੁੱਗ ਵਸਦੇ ਹਨ। ਇਨ੍ਹਾਂ ਦੇ ਵਸਨੀਕ, ਰੂਹਾਨੀ ਤੌਰ ਤੇ, ਮਾਤ ਲੋਕ ਦੇ ਲੋਕਾਂ ਨਾਲੋਂ ਵੱਧ ਉੱਨਤ ਹਨ। ਧਰਮ ਖੰਡ ਤੋਂ ਲੈ ਕੇ ਸੱਚ ਖੰਡ ਤੱਕ, ਹਰ ਇਕ ਖੰਡ ਇੱਕ ਦੂਸਰੇ ਤੋਂ ਵੱਧ ਉੱਨਤ ਲੋਕਾਂ ਦਾ ਘਰ ਹੈ। ਸੱਚ ਖੰਡ, ਉੱਨਤੀ ਦਾ ਸਿਖਰ ਹੈ। ਇਥੇ ਸਿਰਫ਼ ਉਹ ਲੋਕ ਹੀ ਪਹੁੰਚਦੇ ਹਨ ਜੋ ਨਿਰੰਕਾਰ ਰੂਪ ਹੋ ਨਿਰੰਕਾਰ ਵਿੱਚ ਲੀਨ ਹੋਣ ਦੇ ਕਾਬਿਲ ਹੁੰਦੇ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਉਪਰ ਕੀਤੀ ਵਿਆਖਿਆ ਦੀ ਪੁਸ਼ਟੀ ਇੰਗਲੈਂਡ ਦੀ ਸ੍ਰੀ ਮਤੀ ਬੈਟੀ ਸ਼ਾਈਨ, ਜੋ ਖੁਦ ਭੀ ਦਿਵ-ਦ੍ਰਿਸ਼ਟੀ ਦੀ ਮਾਲਕ ਹੈ, ਨੇ ਆਪਣੀ ਪੁਸਤਕ 'Mind To Mind' ਵਿੱਚ ਇਸ ਪਰਕਾਰ ਕੀਤੀ ਹੈ। .......... ਇਹ ਜ਼ਰੂਰੀ ਨਹੀਂ ਕਿ ਮਰਨ ਉਪਰੰਤ, ਲੋਕ ਮੁੜ ਇੱਸੇ ਹੀ ਧਰਤੀ (Planet) ਤੇ ਵਾਪਸ ਆਉਣ, ਕਿਉਂਕਿ ਸੰਸਾਰ ਵਿੱਚ ਹੋਰ ਭੀ ਧਰਤੀਆਂ ਹਨ ਜਿਨ੍ਹਾਂ ਤੇ ਉਹ ਮੁੜ ਕੇ ਜਨਮ ਲੈ ਸਕਦੇ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਧਰਤੀਆਂ ਸਾਨੂੰ ਨਜ਼ਰ ਨਹੀਂ ਆਉਂਦੀਆਂ, ਕਿਉਂਕਿ ਉਨ੍ਹਾਂ ਦੀ ਕੰਬਣੀ (Vibration) ਦੀ ਫਰੀਕੁਐਂਸੀ ਵੱਖਰੀ ਹੈ। ਸੰਸਾਰ ਬੇਅੰਤ (Infinite) ਹੈ ਜਿਸ ਦੇ ਅੰਦਰ ਦੁਨੀਆਵਾਂ ਦੇ ਅੰਦਰ ਦੁਨੀਆਵਾਂ, ਅਤੇ ਉਨ੍ਹਾਂ ਦੇ ਅੰਦਰ


www.AKJ.Org

ਹੋਰ ਦੁਨੀਆਵਾਂ ਨਾਲ ਭਰਿਆ ਪਿਆ ਹੈ। ਉਨ੍ਹਾਂ ਵਿੱਚ ਕੁੱਝ, ਧਰਤੀ ਦੇ ਲੈਵਲ ਤੋਂ ਬਹੁਤ ਉੱਚੇ ਲੈਵਲ ਤੇ ਕੰਬਦੀਆਂ (vibrate ਕਰਦੀਆਂ ਹਨ) । ਅਸੀਂ ਇਥੇ (ਇਸ ਧਰਤੀ ਤੇ) ਇਸ ਕਰਕੇ ਵਾਪਸ ਆਉਂਦੇ ਹਾਂ (ਜਨਮ ਲੈਂਦੇ ਹਾਂ) ਕਿਉਂਕਿ ਅਸੀਂ ਹਾਲੇ ਇਤਨੀ ਤਰੱਕੀ (Progress) ਨਹੀਂ ਕੀਤੀ ਹੁੰਦੀ ਕਿ ਅਸੀਂ ਉਨ੍ਹਾਂ ਉਚੇ ਦਰਜੇ ਦੀਆਂ ਦੁਨੀਆਵਾਂ ਤੇ ਜਨਮ ਲੈਣ ਦੇ ਕਾਬਿਲ ਹੋਈਏ। ਭਾਈ ਸਾਹਿਬ ਤੇ ਸ੍ਰੀ ਮਤੀ ਬੈਟੀ ਸਾਈਨ ਦੀਆਂ ਪੁਸਤਕਾਂ ਵਿੱਚੋਂ ਉਪਰ ਦਿਤੇ ਹਵਾਲਿਆਂ ਦਾ ਨਚੋੜ ਇਹ ਹੋਇਆ ਕਿ (1) ਮਾਤ ਲੋਕ ਤੋਂ ਅੱਗੇ ਹੋਰ ਸੂਖਸ਼ਮ ਸੰਸਾਰ, ਖੰਡ ਜਾਂ region ਕੁਦਰਤ ਦੀ ਕਾਇਨਾਤ ਵਿਚ ਮੌਜੂਦ ਹਨ। (2) ਉਨ੍ਹਾਂ ਖੰਡਾ ਦੇ ਵਸਨੀਕਾਂ ਦਾ ਰੂਹਾਨੀ ਸਟੈਂਡਰਡ, ਮਾਤ ਲੋਕ ਦੇ ਵਸਨੀਕਾਂ ਦੇ ਰੂਹਾਨੀ ਸਟੈਂਡਰਡ ਤੋਂ ਵੱਧ ਉੱਨਤ ਹੈ। (3) ਮਾਤ ਲੋਕ ਦਾ ਵਸਨੀਕ ਆਪਣੇ ਆਪ ਦੇ ਰੂਹਾਨੀ ਸਟੈਂਡਰਡ ਨੂੰ ਇਤਨਾ ਉੱਚਾ ਕਰੇ ਕਿ ਉਹ ਅਗਲੇ ਖੰਡਾਂ ਦੇ ਸਟੈਂਡਰਡ ਦੇ ਅਨਕੂਲ ਹੋ ਸਕੇ ਤਾਂ ਉਹ ਉਨ੍ਹਾਂ ਅਗਲੇ ਖੰਡਾਂ ਵਿੱਚ ਪ੍ਰਵੇਸ਼ ਕਰ ਸਕਦਾ ਹੈ।

ਸਵਰਗ ਨਰਕ ਜਾਂ ਬਹਿਸ਼ਤ ਅਤੇ ਦੋਜ਼ਖ ਦਾ ਸੰਬੰਧ ਧਰਮ ਰਾਜ ਦੀ ਪੁਰੀ ਜਾਂ ਧਰਮ ਖੰਡ ਨਾਲ ਹੈ। ਬਹਿਸ਼ਤ ਦੇ ਚਾਹਵਾਨ ਸੱਜਨ, ਇਸ ਦੁਨੀਆਂ ਵਿਚ ਆਪਣੇ ਕੀਤੇ ਕਰਮਾਂ ਅਨੁਸਾਰ ਬਹਿਸ਼ਤ ਜਾਂ ਦੋਜ਼ਖ ਵਿਚ ਪਰਵੇਸ਼ ਕਰਦੇ ਹਨ। ਇਥੇ ਧਰਮ ਖੰਡ ਵਿਚ ਬਹਿਸ਼ਤ ਜਾਂ ਸੁੱਖ ਜਾਂ ਦੋਜ਼ਖ ਦਾ ਦੁੱਖ ਭੋਗਦੇ ਹਨ। ਮੁਕਤੀ ਦੇ ਚਾਹਵਾਨ ਸੱਜਨ, ਆਪਣੀ ਜੀਵ ਆਤਮਾ ਨੂੰ ਸਾਖਸ਼ਾਤ ਕਰ ਗਿਆਨ ਖੰਡ ਤੱਕ ਪਹੁੰਚਦੇ ਹਨ। ਇਥੇ ਉਨ੍ਹਾਂ ਦੀ ਆਤਮਕ ਜੋਤਿ ਦਾ ਗਿਆਨ ਖੰਡ ਪਰਚੰਡ ਹੋਣ ਤੇ, ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਹੋ ਜਾਂਦੀ ਹੈ। ਉਹ ਲੋਕ ਗਿਆਨ ਖੰਡ ਦੇ ਵਾਸੀ ਹੋ ਕੇ ਰਹਿ ਜਾਂਦੇ ਹਨ-ਧਰਮ ਖੰਡ ਅਤੇ ਗਿਆਨ ਖੰਡ ਦੇ ਵਾਸੀਆਂ ਦਾ ਸਫਰ ਹਾਲੇ ਪੂਰਾ ਨਹੀਂ ਹੋਇਆ, ਅਧੂਰਾ ਹੀ ਹੈ। ਉਨ੍ਹਾਂ ਨੂੰ ਜਲਦ ਜਾਂ ਬਦੇਰ, ਅੱਗੋਂ ਜਾਂ ਪਿੱਛੋਂ ਇਹ ਸਫਰ, ਪੂਰਾ ਕਰਨਾ ਹੀ ਪਵੇਗਾ।

ਕੁਝ ਯੋਗੀ ਐਸੇ ਭੀ ਹਨ ਜਿਨ੍ਹਾਂ ਦੀ ਰਸਾਈ (ਪਹੁੰਚ) ਸਰਮ ਖੰਡ ਅਤੇ ਕਰਮ ਖੰਡ ਤਕ ਵੀ ਹੋ ਜਾਂਦੀ ਹੈ। ਸੱਚ ਖੰਡ ਵਿਚ ਪਰਵੇਸ਼, ਸਿਰਫ ਤੇ ਸਿਰਫ ਉਹ ਸੱਜਣ ਹੀ ਕਰ ਸਕਦੇ ਹਨ ਜਿਨ੍ਹਾਂ ਨੇ ਸਾਸ ਗਿਰਾਸ ਦੀ ਨਾਮ ਦੀ ਅਤੁੱਟ ਕਮਾਈ ਕਰਕੇ ਦਸਮ ਦੁਆਰ ਉਘਾੜ (ਖੁੱਲਣ) ਉਪਰੰਤ "ਪੂਰਨ ਜੋਤਿ ਮਿਲੇ ਰਾਮ ਪਿਆਰੇ" (ਪੰਨਾ ੩੭੫) ਦੇ ਦਰਸ਼ਨ ਕੀਤੇ ਹੋਣ।

ਇਸ ਵੀਚਾਰ ਤੋਂ ਅਸੀਂ ਇਤਨਾ ਕੁ ਹੀ ਸਮਝ ਸਕਦੇ ਹਾਂ ਕਿ ਮੁਕਤੀ ਹੋਣ ਪਿਛੋਂ ਭੀ ਜਿੰਦਗੀ ਦਾ ਸਫਰ ਹਾਲੇ ਖਤਮ ਨਹੀਂ ਹੋਇਆ, ਸਫ਼ਰ ਹਾਲੇ ਜਾਰੀ ਹੈ ਪਰ ਇਸ ਹੀ ਸਵਾਲ ਦੇ ਇਸ ਹਿੱਸੇ ਦਾ ਜਵਾਬ ਲੱਭਣਾ ਹਾਲੇ ਬਾਕੀ ਹੈ ਕਿ ਜਦੋਂ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਹੀ ਹੋ ਗਈ, ਦੁੱਖ ਦਰਿੱਦਰ ਸਭ ਖਤਮ ਹੋ ਗਏ, ਹੁਣ ਤਾਂ ਸਿਰਫ਼ ਸੁੱਖ ਹੀ ਸੁੱਖ ਬਾਕੀ ਹੈ ਤਾਂ ਇਸ ਤੋਂ ਇਲਾਵਾ ਹੋਰ ਵੀ ਕਿਹੜਾ ਕੋਈ ਸੁੱਖ ਹੈ ਜਿਸ ਦੇ ਲਾਲਚ ਦੀ ਖਾਤਰ, ਜਾਂ ਕਿਹੜਾ ਹੋਰ ਕੋਈ ਦੁੱਖ ਹੈ ਜਿਸ ਦੀ ਨਵਿਰਤੀ ਲਈ, ਹਾਲੇ ਹੋਰ ਕੋਈ ਹੰਭਲਾ ਮਾਰਨ ਦੀ ਲੋੜ ਹੈ ਜਾਂ ਸਫ਼ਰ ਨੂੰ ਜਾਰੀ ਰੱਖਣਾ ਜ਼ਰੂਰੀ ਹੈ ?

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।।
(ਜਪੁਜੀ -੮)

ਇਸ ਮੁਖ ਵਾਕ ਦਾ ਸੰਬੰਧ ਸਰਮ ਖੰਡ ਨਾਲ ਹੈ ਜੋ ਮੁਕਤੀ ਵਾਲੇ ਗਿਆਨ ਖੰਡ ਤੋਂ ਅੱਗੇ ਹੈ। ਇਸ ਵਿੱਚ ਬਿਆਨ ਕੀਤੀ ਗਈ ਸੁਰਤਿ, ਮਤਿ ਮਨਿ ਅਤੇ ਬੁਧਿ, ਸੂਖਸ਼ਮ ਸਰੀਰ ਦੇ ਅੰਗ ਹਨ ਜਿਸਦੀ ਨਵੇਂ ਸਿਰਿਓ ਘਾੜਤ ਘੜ ਕੇ ਇਸ ਨੂੰ ਅਗਲੇ ਸਫ਼ਰ ਲਈ ਤਿਆਰ ਕੀਤਾ ਜਾਂਦਾ ਹੈ। ਇਸ ਦਾ ਇਹ ਅਰਥ ਹੋਇਆ ਕਿ ਗਿਆਨ ਖੰਡ ਵਿੱਚ ਮੁਕਤੀ ਹੋਣ ਉਪਰੰਤ ਵੀ ਸੂਖਸ਼ਮ ਸਰੀਰ ਹਾਲੇ ਸਾਡੇ ਅੰਗ ਸੰਗ ਹੀ ਮੌਜੂਦ ਹੈ। ਦੁੱਖ ਸੁੱਖ ਪ੍ਰਤੀਤ ਕਰਨਾ, ਸਥੂਲ ਸਰੀਰ ਦਾ ਕੰਮ ਨਹੀਂ ਹੈ। ਗਿਆਨ ਇੰਦਰੀਆਂ ਤੋਂ ਮਿਲੀ ਸੂਚਨਾ ਅਨੁਸਾਰ ਜਾਂ ਚਿੱਤ ਵਿੱਚ ਮੌਜੂਦ ਪਿਛਲੀ ਯਾਦ-ਦਾਸ਼ਤ (Memory) ਨੂੰ ਯਾਦ ਕਰ, ਮਨ ਦੁੱਖ ਸੁੱਖ ਮਹਿਸੂਸ ਕਰਦਾ ਹੈ। ਜਦੋਂ ਤੱਕ ਸੂਖਸ਼ਮ ਸਰੀਰ ਵਿੱਚ ਮਨ ਦੇ ਸਾਡੇ ਅੰਗ ਸੰਗ ਮੌਜੂਦ ਹੈ ਦੁੱਖ ਸੁੱਖ ਮਹਿਸੂਸ ਹੁੰਦੇ ਹੀ ਰਹਿਣਗੇ। ਇਹ ਠੀਕ ਹੈ ਕਿ ਮੁਕਤੀ ਉਪਰੰਤ 84 ਲੱਖ ਜੂਨ ਦੇ ਗੇੜ ਤੋਂ ਤਾਂ ਅਸੀਂ ਮੁਕਤ ਹੋ ਗਏ ਹਾਂ ਪਰ ਮਨ ਦੇ ਦੁੱਖ ਅਤੇ ਸੁੱਖ ਤੋਂ ਤਾਂ ਛੁਟਕਾਰਾ ਹਾਲੇ ਹੋਇਆ ਹੀ ਨਹੀਂ। ਮਨ ਦਾ ਇਹ ਗੁਣ ਹੈ ਕਿ ਇਹ ਆਪਣੇ ਨਵੇਂ ਸੰਸਾਰ ਦੀ ਰਚਨਾ ਰਚਦਾ ਰਹਿੰਦਾ ਹੈ, ਆਪਣੇ ਹੀ ਰਚੇ ਹੋਏ ਸੰਸਾਰ ਦੇ ਜਾਲ ਵਿੱਚ ਫਸ ਦੁੱਖੀ ਜਾਂ ਸੁੱਖੀ ਹੁੰਦਾ ਰਹਿੰਦਾ ਹੈ।

ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ।।
ਅਛਤ ਰਾਜ ਬਿਛੁਰਤ ਦੁਖ ਪਾਇਆ
ਸੋ ਗਤਿ ਭਈ ਹਮਾਰੀ।।੨।। (ਪੰਨਾ ੬੫੭)

ਅਸੀਂ ਹਰ ਰੋਜ਼ ਸੌਂਦੇ ਜਾਗਦੇ ਹਾਂ, ਸੁਪਨੇ ਭੀ ਦੇਖਦੇ ਹਾਂ, ਸੁਪਨੇ ਵਿੱਚ ਰਾਜੇ ਤੋਂ ਭਿਖਾਰੀ ਤੇ ਭਿਖਾਰੀ ਤੋਂ ਰਾਜੇ


www.AKJ.Org

ਬਗੈਰਾ ਬਣਨੇ ਦੀਆਂ ਅਨੇਕ ਖੇਡਾਂ ਅਸੀਂ ਇਸ ਤਰ੍ਹਾਂ ਖੇਡਦੇ ਹਾਂ ਜਿਵੇਂ ਕਿ ਸੁਪਨੇ ਦੀ ਦੁਨੀਆਂ, ਜਾਗਰਤ ਦੀ ਦੁਨੀਆਂ ਵਾਂਗੂੰ ਬਿਲਕੁੱਲ ਪਰਤੱਖ ਹੁੰਦੀ ਹੈ। ਜਦੋਂ ਤੱਕ ਸੁਪਨਾ ਟੁੱਟ ਨਹੀਂ ਜਾਂਦਾ ਅਸੀਂ ਅਤਿ ਦੇ ਦੁੱਖੀ ਸੁੱਖੀ ਵੀ ਹੁੰਦੇ ਹਾਂ। ਸੁਪਨੇ ਦੇ ਜਗਤ ਵਿੱਚ ਸਾਡੇ ਸਥੂਲ ਸਰੀਰ ਦੀ ਕੋਈ ਭੂਮਿਕਾ ਨਹੀਂ ਹੁੰਦੀ। ਮਨ ਹੀ ਆਪਣੀ ਨਵੀਂ ਦੁਨੀਆਂ ਰਚਦਾ ਹੈ, ਆਪ ਹੀ ਇਸ ਵਿੱਚ ਉਲਝ ਕੇ ਦੁੱਖੀ ਸੁੱਖੀ ਹੁੰਦਾ ਰਹਿੰਦਾ ਹੈ। ਮੁਕਤੀ ਉਪਰੰਤ ਵੀ ਮਨ ਸਮੇਤ ਸੂਖਸ਼ਮ ਸਰੀਰ ਦੇ ਸਾਡੇ ਅੰਗ ਸੰਗ ਮੌਜੂਦ ਰਹਿੰਦਾ ਹੈ। ਜਿਤਨੀ ਦੇਰ ਮਨ ਸਾਡੇ ਨਾਲ ਮੌਜੂਦ ਹੈ, ਇਹ ਆਪਣਾ ਨਵੇ ਤੋਂ ਨਵਾਂ ਖੇਡ ਰਚ ਕੇ ਦੁੱਖੀ ਸੁੱਖੀ ਹੁੰਦਾ ਹੀ ਰਹੇਗਾ।

ਦੁਖੁ ਸੁਖੁ ਆਉਂਦਾ ਜਾਂਦਾ ਰਹਿੰਦਾ ਹੈ, ਇਹ ਸਥਿਰ ਸ਼ੈ ਨਹੀਂ। ਇਸ ਦੇ ਉਲਟ 'ਅਨੰਦ' ਇਕ ਦਫਾ ਆ ਜਾਏ ਤਾਂ ਫੇਰ ਮੁੜਕੇ ਜਾਂਦਾ ਨਹੀਂ। ਇਸ ਲਈ ਪਰਮ-ਅਨੰਦ ਦੀ ਪ੍ਰਾਪਤੀ ਤੱਕ ਸਾਨੂੰ ਜਿੰਦਗੀ ਦਾ ਅਗਲਾ ਘੋਲ ਘੁਲਦੇ ਹੀ ਰਹਿਣਾ ਪਵੇਗਾ ਭਾਵੇਂ ਅਸੀਂ ਮਾਤ ਲੋਕ ਛੱਡ ਕੇ ਦੇਵ ਲੋਕ ਦੇ ਵਸਨੀਕ ਭੀ ਕਿਉਂ ਨਾ ਬਣ ਜਾਈਏ। ਪਰਮ-ਅਨੰਦ ਦੀ ਪ੍ਰਾਪਤੀ ਤੱਕ ਸਾਡਾ ਅਗਲਾ ਸਫ਼ਰ ਜਾਰੀ ਰਹੇਗਾ। **ਮਨਿ ਹਰਿ ਜੀ ਤੇਰੈ ਨਾਲਿ ਹੈ, ਗੁਰਮਤੀ ਰੰਗੁ ਮਾਣੁ।।** (ਪੰਨਾ ੪੪੧)

ਗੁਰਮਤਿ ਕਿਆ ਹੈ ? ਗੁਰਮਤੀ ਰੰਗ ਕਿਵੇਂ ਮਾਣੇ ? ਗੁਰਮਤਿ ਬਾਰੇ ਪੂਰੀ ਵੀਚਾਰ ਤਾਂ ਇਸ ਛੋਟੇ ਜਿਹੇ ਲੇਖ ਵਿੱਚ ਲਿਖਣਾ ਮੁਸ਼ਕਲ ਹੈ ਪਰ ਫਿਰ ਵੀ ਸੰਖੇਪ ਵਿੱਚ ਅਰਜ ਹੈ ਕਿ ਪ੍ਰਾਣੀ ਅੰਮ੍ਰਿਤ ਪਾਨ ਕਰਨ ਉਪਰੰਤ, ਸੁਅੰਸ ਅਭਿਆਸੀ ਨਾਮ ਦੀ ਕਮਾਈ ਵਿੱਚ ਜੁੜ ਜਾਂਦਾ ਹੈ। ਨਾਮ ਜਪਦਿਆਂ ਇੱਕ ਵਕਤ ਐਸਾ ਆਉਂਦਾ ਹੈ ਜਦੋਂ ਨਾਭੀ ਦਾ ਮੁੱਧਾ ਪਿਆ ਹੋਇਆ ਕਮਲ, ਸਿੱਧਾ ਹੋ ਕੇ ਖਿੜ ਜਾਂਦਾ ਹੈ। **ਊਂਧ ਕਵਲ ਬਿਗਸਾਂਤ** (ਪੰਨਾ ੨੫੪) ਕਮਲ ਦੇ ਖਿੜਨ ਤੇ ਪ੍ਰਕਾਸ਼ ਪੈਦਾ ਹੋ ਜਾਂਦਾ ਹੈ। **ਪਰਗਾਸੁ ਭਇਆ ਕਉਲੁ ਖਿਲਿਆ** (ਪੰਨਾ ੨੪੯)। ਇਹ ਪ੍ਰਕਾਸ਼ ਜੀਵ-ਆਤਮਾ ਦਾ ਪ੍ਰਕਾਸ਼ ਹੈ ਜੋ ਕੁੱਝ ਸੂਰਜਾਂ ਦੀ ਰੌਸ਼ਨੀ ਸਾਮਾਨ ਹੁੰਦਾ ਹੈ। ਹਿੰਦੂ ਮਤਿ ਵਾਲੇ ਇਸ ਪ੍ਰਕਾਸ਼ ਨੂੰ ਆਤਮ ਸ਼ਾਖਸ਼ਾਤਕਾਰ ਆਖਦੇ ਹਨ ਤੇ ਇਥੇ ਹੀ ਸੰਤੁਸ਼ਟ ਹੋ ਬੈਠ ਜਾਂਦੇ ਹਨ ਪਰ ਗੁਰਮਤਿ ਪਾਂਧੀ ਦਾ ਸਫ਼ਰ ਹਾਲੇ ਜਾਰੀ ਹੈ।

ਹੋਰ ਨਾਮ ਅਭਿਆਸ ਕਮਾਈ ਕਰਦਿਆਂ, ਅੱਗੇ ਚੱਲ ਕੇ ਫਿਰ ਇੱਕ ਵਕਤ ਐਸਾ ਆਉਂਦਾ ਹੈ ਜਦੋਂ **"ਬਜਰ ਕਪਾਟ ਨਾ ਖੁਲਨੀ ਗੁਰ ਸਬਦਿ ਖੁਲੀਜੈ।।"** (ਪੰਨਾ ੯੫੪), ਦਸਮ-ਦੁਆਰ ਦਾ ਬਜਰ ਕਪਾਟ ਖੁੱਲ੍ਹ ਜਾਂਦਾ ਹੈ। ਦਸਮ ਦੁਆਰ ਖੁੱਲ੍ਹਣ ਤੇ ਅਕਾਲ ਪੁਰਖ ਦੀ ਜੋਤਿ ਪਰਗਟ ਹੁੰਦੀ ਹੈ। **"ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ।।"** (ਪੰਨਾ ੭੭੫) ਜਿਸ ਦੀ ਰੌਸ਼ਨੀ ਕਰੋੜ-ਹਾ-ਕਰੋੜ ਸੂਰਜਾਂ ਦੇ ਪ੍ਰਕਾਸ਼ ਸਾਮਾਨ ਹੁੰਦੀ ਹੈ। **"ਕੋਟਿ ਸੂਰ ਨਾਨਕ ਪਰਗਾਸ।।"** (ਪੰਨਾ ੭੧੭)

ਆਪ ਜੀ ਨੇ ਪਿਛੇ ਪੜ੍ਹਿਆ ਹੈ ਕਿ ਸੱਚ ਖੰਡ ਸਿਰਫ਼ ਉਹ ਹੀ ਸੱਜਣ ਪਹੁੰਚਦੇ ਹਨ ਜਿਹਨਾਂ ਦੇ ਦਸਮ-ਦੁਆਰ ਉਘਾੜ ਉਪਰੰਤ ਪਿਆਰੇ ਰਾਮ ਦੇ ਦਰਸ਼ਨ ਕੀਤੇ ਹੋਣ। ਹਕੀਕਤ ਇਹ ਹੈ ਕਿ ਕੁੱਝ ਮਤਿ ਸਵਰਗ ਜਾਂ ਬਹਿਸ਼ਤ ਦੇ ਚਾਹਵਾਨ ਹਨ ਤੇ ਕੁੱਝ ਮੁਕਤੀ ਦੇ ਖਾਹਸ਼ਮੰਦ, ਪਾਰਬ੍ਰਹਮ ਤੱਕ ਰਸਾਈ (ਪਹੁੰਚ) ਕਿਸੀ ਭੀ ਮਤਿ ਦਾ ਨਿਸ਼ਾਨਾ ਨਹੀਂ ਹੈ। ਇਸ ਲਈ ਪਾਰ-ਬ੍ਰਹਮ ਦੀ ਭਾਲ ਕਿਸਨੇ ਕਰਨੀ ਹੈ ? ਬਹਿਸ਼ਤ ਵਾਲੇ ਧਰਮ-ਖੰਡ ਵਿੱਚ, ਤੇ ਮੁਕਤੀ ਵਾਲੇ ਗਿਆਨ ਖੰਡ ਵਿੱਚ ਰੁਕ ਕੇ ਰਹਿ ਗਏ। ਬਿਰਲੇ ਜੋਗੀ, ਸਰਮ ਖੰਡ ਤੇ ਕਰਮ ਖੰਡ ਤੱਕ ਪਹੁੰਚੇ। ਹਿੰਦੂ ਧਰਮ, ਭਾਵੇਂ ਬ੍ਰਹਮ ਦੀ ਭਾਲ ਵਿੱਚ ਅੱਗੇ ਵਧਿਆ ਤਾਂ ਸੀ ਪਰ ਉਹ 'ਅਹੰਬ੍ਰਹਮ ਅਸਮੀਂ' ਮੈਂ ਹੀ ਬ੍ਰਹਮ ਹਾਂ ਦੇ ਚੱਕਰ ਵਿੱਚ ਫਸ ਕੇ ਰਹਿ ਗਿਆ। ਪਾਰ-ਬ੍ਰਹਮ ਇਨ੍ਹਾਂ ਸਭਨਾਂ ਮੱਤਾਂ ਤੋਂ ਅਗੋਚਰ ਦਾ ਅਗੋਚਰ ਹੀ (ਪਹੁੰਚ ਤੋਂ ਪਰੇ) ਹੀ ਰਿਹਾ। **"ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ।।"** ਦੇ ਕੁਦਰਤ ਦੇ ਨੇਮ ਅਨੁਸਾਰ ਕੋਈ ਵੀ ਮੱਤ ਆਪਣੇ ਉਪਜ ਸਰੋਤ, ਪਾਰ-ਬ੍ਰਹਮ ਤੱਕ ਨਾ ਪਹੁੰਚ ਸਕਿਆ। ਇਸ ਲਈ ਮੌਜੂਦਾ ਸਾਰੇ ਹੀ ਮੱਤ ਉਧਾਰ ਨਿਸਤਾਰੇ ਜਾਂ ਕਲਿਆਣ ਤੋਂ ਵਾਂਝੇ ਦੇ ਵਾਂਝੇ ਹੀ ਰਹੇ। *ਇਨਸਾਨੀਅਤ ਦੇ ਉਧਾਰ ਨਿਸਤਾਰੇ ਦੀ ਲੋੜ ਨੂੰ ਪੂਰਾ ਕਰਨ ਲਈ, ਗੁਰੂ ਨਾਨਕ ਦੇਵ ਜੀ ਨੂੰ ਨਾਭੀ ਤੇ ਆਤਮਾ ਦੇ ਪ੍ਰਕਾਸ਼ ਤੋਂ ਅੱਗੇ ਦਸਮ-ਦੁਆਰ ਵਿਖੇ 'ਮਿਲੇ ਰਾਮ ਪਿਆਰੇ' ਤੱਕ ਦਾ ਰਾਹ ਦਿਖਾਉਣ ਲਈ ਇੱਕ ਨਵੇਂ ਸਿੱਖ ਧਰਮ ਨੂੰ ਹੋਂਦ ਵਿੱਚ ਲਿਆਉਣ ਦੀ ਲੋੜ ਪ੍ਰਤੀਤ ਹੋਈ।*

ਦਸਮ-ਦੁਆਰ ਵਿਖੇ **"ਕੋਟਿ ਸੂਰ ਨਾਨਕ ਪਰਗਾਸ"** ਨੂੰ ਕਲਗੀਧਰ ਜੀ ਨੇ **"ਪੂਰਨ ਜੋਤਿ ਜਗੈ ਘਟਿ ਮਾਹਿ"** ਆਖਿਆ ਹੈ। ਘਟਿ ਮਾਹਿ ਪੂਰਨ ਜੋਤਿ ਦਾ ਪ੍ਰਕਾਸ਼ ਰੂਹਾਨੀ ਤਰੱਕੀ ਦੀ ਸਿਖਰ ਹੈ। ਇਸ ਪਦ ਪਹੁੰਚ ਚੁੱਕੇ ਜੀਵ-ਆਤਮਾ ਹੀ ਕਰਮ ਖੰਡ ਤੋਂ ਅੱਗੇ ਲੰਘ, ਸੱਚ-ਖੰਡ ਪ੍ਰਵੇਸ਼ ਕਰਨ ਦੇ ਯੋਗ ਹੁੰਦੀ ਹੈ। **ਸਚ ਖੰਡਿ ਵਸੈ ਨਿਰੰਕਾਰੁ** (ਜਪੁਜੀ ੮) ਸੱਚ ਖੰਡ ਵਿਖੇ ਸਿਰਫ਼ ਨਿਰੰਕਾਰ ਜਾਂ ਨਿਰੰਕਾਰ ਰੂਪ ਹੋ ਚੁੱਕੀ ਜੀਵ-ਆਤਮਾ ਤੋਂ ਬਗੈਰ ਹੋਰ ਕਿਸੇ ਦਾ ਬਾਸਾ ਨਹੀਂ ਹੋ ਸਕਦਾ। ਜੀਵ ਆਤਮਾ ਨੂੰ ਸੱਚ


www.AKJ.Org

ਖੰਡ ਪ੍ਰਵੇਸ਼ ਸਮੇਂ, ਸਥੂਲ ਤੇ ਸੂਖਸ਼ਮ ਦੋਨੋਂ ਹੀ ਸਰੀਰਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਸਥੂਲ ਸਰੀਰ ਨੂੰ ਤਾਂ ਜੀਵ ਆਤਮਾ ਦੇ ਤਿਆਗ ਸਮੇਂ, ਮਾਤ ਲੋਕ ਵਿੱਚ ਹੀ ਜਲਾ ਕੇ, ਦਬਾ ਕੇ, ਜਲ ਪ੍ਰਵਾਹ ਕਰਕੇ ਜਾਂ ਕਿਸੇ ਵੀ ਹੋਰ ਢੰਗ ਨਾਲ ਖਤਮ ਕਰ ਦਿੱਤਾ ਜਾਂਦਾ ਹੈ। *ਸੂਖਮ ਸਰੀਰ ਕਰਮ ਖੰਡ ਤੱਕ ਜੀਵ ਆਤਮਾ ਦਾ ਸਾਥ ਨਹੀਂ ਛੱਡਦਾ। ਸੂਖਸ਼ਮ ਸਰੀਰ ਦੇ ਸੰਗ ਸਾਥ ਹੁੰਦਿਆਂ ਜੀਵ ਆਤਮਾ ਸੱਚ ਖੰਡ ਪ੍ਰਵੇਸ਼ ਨਹੀਂ ਕਰ ਸਕਦੀ।* ਇਹ ਗੁੱਥੀ ਸੁਲਝੇ ਤਾਂ ਕਿਵੇਂ ਸੁਲਝੇ ?

ਜਦੋਂ ਇਨਸਾਨ ਜਿਉਂਦੇ ਜੀਅ ਇਕ ਬਾਰ ਦਸਮ-ਦੁਆਰ, 'ਰਾਮ ਪਿਆਰੇ' ਦੇ ਦਰਸ਼ਨ ਕਰ ਲੈਂਦਾ ਹੈ ਤਾਂ ਉਸ ਨੂੰ ਹਰ ਪਾਸੇ ਗੋਬਿੰਦ ਹੀ ਗੋਬਿੰਦ ਦਿਖਾਈ ਦਿੰਦਾ ਹੈ। "ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀ ਕੋਇ" (ਪੰਨਾ ੪੮੫)। ਮਨ ਦਾ ਇਹ ਇਕ ਹੋਰ ਭੀ ਗੁਣ ਹੈ, ਇਹ ਜਿਸ ਚੀਜ਼ ਦਾ ਲਗਾਤਾਰ ਚਿੰਤਨ ਕਰਦਾ ਹੈ ਆਖਰ ਇਹ ਉਸੇ ਦਾ ਹੀ ਰੂਪ ਹੋ ਜਾਂਦਾ ਹੈ। "ਜੇਹਾ ਸੇਵੈ ਤੇਹੋ ਹੋਵੈ।। (ਪੰਨਾ ੫੪੯) ਹੁਣ ਜਦੋਂ ਇਹ ਹਰ ਪਾਸੇ ਗੋਬਿੰਦ ਹੀ ਗੋਬਿੰਦ ਦੇਖਦਾ ਹੈ ਤਾਂ ਇਹ ਭੀ ਗੋਬਿੰਦ ਦਾ ਰੂਪ ਹੈ, ਸਮੇਤ ਸੂਖਮ ਸਰੀਰ ਦੇ ਆਪਣੀ ਵੱਖਰੀ ਹੋਂਦ ਗੁਆ ਗੋਬਿੰਦ ਵਿੱਚ ਹੀ ਲੀਨ ਹੋ ਜਾਂਦਾ ਹੈ। ਜੀਵ ਆਤਮਾ ਸਥੂਲ ਸਰੀਰ ਨੂੰ ਲੋਕ ਵਿੱਚ ਹੀ ਛੱਡ ਆਈ ਸੀ। ਸੂਖਸ਼ਮ ਸਰੀਰ ਦਸਮ-ਦੁਆਰ ਵਿਖੇ 'ਰਾਮ ਪਿਆਰੇ ਦੇ ਦਰਸ਼ਨ ਕਰਕੇ ਰਾਮ ਪਿਆਰੇ' ਵਿੱਚ ਲੀਨ ਹੋ ਗਿਆ। ਹੁਣ ਜੀਵ ਆਤਮਾ ਸੱਚ ਖੰਡ ਪ੍ਰਵੇਸ਼ ਕਰਨ ਲਈ ਆਜ਼ਾਦ ਹੈ। ਜੀਵ ਆਤਮਾ "ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ" ਦਾ ਕੁਦਰਤ ਦਾ ਨੇਮ ਪੂਰਾ ਕਰਦੇ ਹੋਏ ਨਿਰੰਕਾਰ ਵਿੱਚ ਲੀਨ ਹੋ ਪਰਮ ਅਨੰਦ ਨੂੰ ਪ੍ਰਾਪਤ ਹੋ ਗਈ।

"ਕਬੀਰ ਜਿਸੁ ਮਰਨੇ ਤੇ ਜਗੁ ਡਰੈ
ਮੇਰੇ ਮਨਿ ਆਨੰਦੁ।।
ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ।।੨੨।।" (ਪੰਨਾ ੧੩੬੫)

ਬੱਸ ! ਇਸੇ ਟੀਚੇ ਨੂੰ ਪ੍ਰਾਪਤ ਕਰਨ ਵਾਸਤੇ ਸਿੱਖ ਧਰਮ ਹੋਂਦ ਵਿੱਚ ਆਇਆ।

ਜਜਜਜਜ

## 'ਸੂਰਾ' ਫਰਵਰੀ ੧੯੯੬ ਵਿੱਚ ਦਿੱਤੇ ਗਏ ਬੱਚਿਆਂ ਲਈ ਸਵਾਲਾਂ ਦੇ ਜਵਾਬ

1. ਭਾਈ ਸਾਹਿਬ ਰਣਧੀਰ ਸਿੰਘ ਨੇ ਸਿੰਘ ਸਭਾ, ਭਸੌੜ ਵਲੋਂ ੧੪ ਜੂਨ, ੧੯੧੩ ਈ: ਨੂੰ ਬੁਲਾਏ ਗਏ ਪੰਥਕ ਸਮਾਗਮ, ਪਿੰਡ ਬਕਾਪੁਰ (ਫਲੌਰ) ਵਿਖੇ ਅੰਮ੍ਰਿਤ ਛਕਿਆ ਸੀ।

ਇਸ ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਬਕਾਪੁਰ ਪਿੰਡ ਦੇ ਮੌਲਵੀ ਕਰੀਮ ਬਖਸ਼ ਤੇ ਉਸ ਦੇ ਸਾਰੇ ਪ੍ਰਵਾਰ ਨੇ ਜ਼ਾਤ ਪਾਤ ਦੇ ਭਰਮ ਭੇਦ ਤੋੜ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ, ਪ੍ਰਵਾਰ ਦੀਆਂ ਸਾਰੀਆਂ ਬੀਬੀਆਂ ਨੇ ਦਸਤਾਰਾਂ ਸਜਾਈਆਂ ਅਤੇ ਖਾਲਸਾ-ਰਹਿਤ ਦੀਆਂ ਧਾਰਨੀ ਬਣੀਆਂ।

2. ਜਿਸ ਬੀਬੀ ਨੂੰ ਗੁਰੂ ਪੁੱਤਰ, ਗੁਰੂ ਪਤਨੀ ਅਤੇ ਗੁਰੂ ਮਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ ਉਹ ਬੀਬੀ ਭਾਨੀ ਸੀ ਜੋ ਗੁਰੂ ਅਮਰਦਾਸ ਜੀ ਦੀ ਪੁੱਤਰੀ, ਗੁਰੂ ਰਾਮਦਾਸ ਜੀ ਦੀ ਪਤਨੀ ਅਤੇ ਗੁਰੂ ਅਰਜਨ ਦੇਵ ਜੀ ਦੀ ਮਾਤਾ ਸੀ।

3. ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਣ, ਪਾਠ, ਕੀਰਤਨ ਤੇ ਗੁਰਬਾਣੀ ਦੀ ਕਥਾ ਆਦਿ ਕਰਨ ਦਾ ਅਧਿਕਾਰ ਕੇਵਲ ਸਿੱਖ ਨੂੰ ਹੀ ਇਸ ਕਰਕੇ ਹੈ ਤਾਂ ਜੋ ਉਸ ਦੇ ਸਿੱਖੀ ਸਰੂਪ ਅਤੇ ਜੀਵਨ ਤੋਂ ਪ੍ਰਭਾਵਤ ਹੋ ਕੇ ਸੰਗਤ ਵਿੱਚ ਬੈਠੇ ਢਿੱਲੜ ਅਤੇ ਗੈਰ-ਸਿੱਖ ਵੀ ਸਿੱਖ ਰਹਿਤ-ਰਹਿਣੀ ਵਿੱਚ ਆ ਜਾਣ।

4. "ਭਗਤੁ ਵਛਲੁ ਸੁਨਿ ਅੰਚਲੋੁ ਗਹਿਆ" ਵਿੱਚ 'ਅੰਚਲੋੁ' ਅਸਲ ਸ਼ਬਦ 'ਅੰਚਲੁ' ਹੈ। ਤੁਕ ਦੇ ਲੈਅ ਤਾਲ ਨੂੰ ਮੁੱਖ ਰਖਦਿਆਂ ਇਸ ਨੂੰ 'ਅੰਚਲੋ' ਪੜ੍ਹਨਾ ਹੈ।

5. ਉਹ ਮੋਰਚਾ ਗੰਗਸਰ ਜੈਤੋ ਦਾ ਸੀ ਜਿਸ ਵਿੱਚ ਇੱਕ ਸਿਦਕੀ ਬੀਬੀ ਨੇ ਗੋਲੀ ਲੱਗਣ ਤੇ ਆਪਣੇ ਦੁੱਧ ਚੁੰਘਦੇ ਸ਼ਹੀਦ ਹੋ ਚੁੱਕੇ ਬੱਚੇ ਨੂੰ ਧਰਤੀ ਤੇ ਲਿਟਾ ਦਿੱਤਾ ਅਤੇ ਆਪ ਮੌਤ ਦੀ ਪ੍ਰਵਾਹ ਨਾ ਕਰਦੇ ਹੋਇਆਂ ਦੌੜ ਕੇ ਜਥੇ ਨਾਲ ਜਾ ਰਲੀ।

ਸ਼ਹੀਦੀ ਜੱਥੇ ਤੇ ਗੋਲੀ ਗੋਰਾ ਪ੍ਰਬੰਧਕ ਦੇ ਹੁਕਮ ਨਾਲ ਪੁਲਸ ਨੇ ਚਲਾਈ।



www.AKJ.Org

# ਸਤਿਗੁਰ ਆਗੈ ਸੀਸੁ ਭੇਟ ਦੇਉ (੧੧੧੪)

(ਡਾ: ਕੁਲਦੀਪ ਕੌਰ, ਮੋਹਾਲੀ)

ਇਹ ਤੁਕ ਪੜ੍ਹਦਿਆਂ ਹੀ ਲਗਭਗ ਤਿੰਨ ਸੌ ਵਰ੍ਹੇ ਪਹਿਲਾਂ ਦੀ ਅਦੁਤੀ ਝਾਕੀ ਸਾਡੀਆਂ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ। ਸੰਨ 1699 ਈ: ਦੀ ਵਿਸਾਖੀ, ਅਨੰਦਪੁਰ ਦੀ ਧਰਤੀ, ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਦਾ ਇੱਕਠ, ਇਕ ਵੱਡਾ ਤੰਬੂ ਇਨਾਂ ਸੰਗਤਾ ਦੇ ਬੈਠਣ ਲਈ, ਨੇੜੇ ਹੀ ਇਕ ਹੋਰ ਤੰਬੂ। ਇਹ ਦੂਸਰਾ ਤੰਬੂ ਕਿਸ ਲਈ, ਇਸ ਦੇ ਅੰਦਰ ਕੀ ਹੈ ? ਕਿਸੇ ਨੂੰ ਕੁਝ ਪਤਾ ਨਹੀਂ। ਸੰਗਤਾਂ ਆਉਦੀਆਂ ਹਨ, ਆਪਣੇ ਲਈ ਨਿਯਤ ਥਾਂ ਤੇ ਬੈਠਦੀਆਂ ਜਾ ਰਹੀਆ ਹਨ। ਬੇਸਬਰੀ ਨਾਲ ਉਡੀਕ ਹੋ ਰਹੀ ਹੈ ਗੁਰੂ ਪਿਤਾ ਦੀ। ਵਿਚਿਤ੍ਰ ਦੈਵੀ ਰੌਹ ਭਰੀ ਮੂਰਤ ਗੋਬਿੰਦ ਰਾਏ, ਆਤਮਰੰਗ ਰੰਗੀ ਬੀਰਤਾ ਹੁਲਾਰਿਆਂ ਵਿਚ ਤਿੱਖੀ ਧਾਰ ਵਾਲੀ ਤਲਵਾਰ ਘੁੰਮਾਉਦੇ ਹੋਏ ਸੰਗਤਾਂ ਸਨਮੁਖ ਇਕ ਉੱਚੇ ਥੜ੍ਹੇ ਉਤੇ ਪਹੁੰਚ ਜਾਂਦੇ ਹਨ। ਸੰਗਤਾਂ ਗੁਰੂ ਜੀ ਦੇ ਇਸ ਅਚਰਜ ਕੌਤਕ ਨੂੰ ਵੇਖ ਕੇ ਦ੍ਰਵ ਗਈਆਂ। ਕਿਸੇ ਨੂੰ ਅਨੁਮਾਨ ਲਾਉਣ, ਸੋਚਣ ਜਾਂ ਪੁੱਛਣ ਦਾ ਮੌਕਾ ਹੀ ਨਾ ਮਿਲਿਆ ਕਿ ਅਚਾਨਕ ਇਕ ਗਰਜਵੀਂ ਲਲਕਾਰ ਉਨ੍ਹਾਂ ਦੇ ਕੰਨੀ ਪਈ, "ਮੇਰੀ ਇਸ ਸਮਸ਼ੀਰ ਨੂੰ ਲੋੜ ਹੈ ਇਕ ਸੀਸ ਦੀ। ਕੋਈ ਹੈ ਜੋ ਇਸਦੀ ਪਿਆਸ ਬੁਝਾ ਸਕੇ ?"

ਸਭ ਪਾਸੇ ਸੱਨਾਟਾ ਛਾ ਗਿਆ, ਅੰਦਰ ਸੋਚਾਂ ਦਾ ਵਹਿਣ ! ਪ੍ਰੀਤਮ ਜੀ ਤਾਂ ਸਿੱਖਾਂ ਦੀਆਂ ਫੌਜਾਂ ਬਣਾ ਹਰੇਕ ਨੂੰ ਢਾਲ ਤਲਵਾਰਾਂ ਨਾਲ ਸਜਾ ਕੇ, ਇਕ ਫੌਜ ਵਲੋਂ ਦੂਜੀ ਫੌਜ਼ ਉੱਤੇ ਅਖੌਤੀ ਹਮਲਾ ਕਰਵਾ, ਬਹਾਦਰੀ ਦੇ ਕੌਤਕ ਵੇਖਿਆ ਕਰਦੇ ਸਨ। ਅੱਜ ਇਹ ਕੀ ਹੋ ਰਿਹਾ ਹੈ ? ਜਿਸ ਸੀਸ ਨੂੰ ਬੀਰਤਾ, ਅਣਖ ਤੇ ਗੌਰਵ ਦੀ ਪਾਣ ਚੜ੍ਹਾ ਕੇ ਮਾਣ ਤੇ ਇੱਜ਼ਤ ਨਾਲ ਉੱਚਾ ਹੋ ਟੁਰਨ ਦੀ ਜਾਂਚ ਸਿਖਾ ਰਹੇ ਸਨ, ਅੱਜ ਉਹ ਹੀ ਸੀਸ ਆਪਣੀ ਤਲਵਾਰ ਦੀ ਤ੍ਰਿਪਤੀ ਲਈ ਮੰਗ ਰਹੇ ਸਨ। ਗੁਰੂ ਜੀ ਦੀ ਲਲਕਾਰ ਦੂਜੀ ਵਾਰੀ ਤੇ ਫਿਰ ਤੀਜੀ ਵਾਰੀ ਸੁਣੀ। ਇਸ ਵਾਰੀ ਇੱਕ ਸਿੱਖ ਦਯਾ ਰਾਮ ਉਠਿਆ। ਫੁਰਤੀ ਨਾਲ ਗੁਰੂ ਜੀ ਦੇ ਕੋਲ ਜਾ, ਸੀਸ ਝੁਕਾ ਕੇ ਕਹਿਣ ਲੱਗਾ, "ਦਾਤਿਆ ! ਤੇਰੀ ਬਖ਼ਸ਼ੀ ਹੋਈ ਦਾਤ ਹੈ, ਤੈਨੂੰ ਸੌਂਪਦਾ ਹਾਂ।"

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ
ਜੋ ਕਿਛੁ ਹੈ ਸੋ ਤੇਰਾ।।
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ।।੨੦੩।। (ਪੰਨਾ ੧੩੭੫)

ਗੁਰੂ ਜੀ ਉਸਦੀ ਬਾਂਹ ਫੜ ਕੇ ਨਾਲ ਦੇ ਤੰਬੂ ਵਿੱਚ ਲੈ ਗਏ। ਪਲਾਂ ਵਿੱਚ ਹੀ ਲਹੂ ਲਿਬੜੀ ਤਲਵਾਰ ਲੈ ਕੇ ਫਿਰ ਸਾਮ੍ਹਣੇ ਆਏ। ਮੁੜ ਉਹੋ ਵੰਗਾਰ ਭਰੀ ਲਲਕਾਰ। ਕਮਜ਼ੋਰ ਦਿਲਾਂ ਵਾਲੇ ਤੰਬੂ ਦੇ ਪਿਛੇ ਦੀ ਰਾਹ ਬਣਾ ਕੇ ਖਿਸਕਣ ਬਾਰੇ ਸੋਚਣ ਲੱਗੇ ਅਤੇ ਪੂਰਨ ਵਿਸ਼ਵਾਸ਼ੀ ਸਿੱਖ ਇਸ ਅਨੋਖੀ ਮੰਗ ਬਾਰੇ ਕਈ ਤਰ੍ਹਾਂ ਦੇ ਅਨੁਮਾਨ ਲਾਉਣ ਲੱਗੇ ਪਰ ਕਿਸੇ ਸਿੱਟੇ ਤੇ ਨਹੀਂ ਸਨ ਪਹੁੰਚ ਰਹੇ। ਪਿਆਰ ਪੁੰਜ ਗੁਰੂ ਪਿਤਾ, ਆਪਣੇ ਪਿਆਰੇ ਸਿੱਖਾਂ ਲਈ ਪਿਤਾ ਕੁਰਬਾਨ ਕਰਨ ਵਾਲੇ, ਦਾਦੇ ਗੁਰੂ ਦੀਆਂ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਦੇ ਕੌਤਕਾਂ ਤੋਂ ਜਾਣੂ ਕਰਾ, ਮੁਰਦਾ ਰੂਹਾਂ ਵਿੱਚ ਨਵੀਂ ਰੌਅ ਚਲਾਉਣ ਵਾਲੇ, ਪਿਆਰ ਭਿੰਨੇ ਬੋਲਾਂ ਨਾਲ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਨ ਵਾਲੇ ਪਿਤਾ ਦੇ ਮੂੰਹੋਂ ਸੀਸ ਲੈਣ ਵਾਲੀ ਅਨੋਖੀ ਮੰਗ। ਕਿਸੇ ਨੂੰ ਕੋਈ ਸਮਝ ਨਹੀਂ ਸੀ ਆ ਰਹੀ। ਪਰ ਗੁਰੂ ਦੀ ਵੰਗਾਰ ਤੇ ਆਪਾ ਵਾਰਨ ਵਾਲੇ ਸਿੱਖ ਵੀ ਮੌਜੂਦ ਸਨ। ਪਹਿਲਾਂ ਵਾਂਗ ਇੱਕ ਹੋਰ ਸਿੱਖ ਨਿੱਤਰਿਆ, ਭਾਈ ਧਰਮ ਚੰਦ। ਉਸ ਨੂੰ ਵੀ ਰੋਹ ਭਰੀ ਅਗਵਾਈ ਨਾਲ ਦੂਸਰੇ ਤੰਬੂ ਵਿੱਚ ਪਹੁੰਚਾਇਆ ਗਿਆ। ਇਹੋ ਲਲਕਾਰ ਤਿੰਨ ਵਾਰ ਫੇਰ। ਤਿੰਨ ਸਿੱਖ ਹਿੰਮਤ ਰਾਏ, ਮੋਹਕਮ ਚੰਦ ਤੇ ਸਾਹਿਬ ਚੰਦ ਨਿੱਤਰੇ। ਤੰਬੂ ਵਿੱਚ ਜਾ ਕੇ ਕੀ ਕੌਤਕ ਰਚਾਇਆ: ਕੋਈ ਨਹੀਂ ਸੀ ਜਾਣਦਾ। ਸਭ ਪਾਸੇ ਚੁੱਪ ਵਰਤੀ ਹੋਈ ਸੀ, ਕਿਸੇ ਵਿੱਚ ਬੋਲਣ ਜਾਂ ਪੁੱਛਣ ਦੀ ਤਾਬ ਨਹੀਂ ਸੀ।

ਕੁੱਝ ਸਮਾਂ ਬੀਤਣ ਪਿਛੋਂ ਗੁਰੂ ਜੀ ਉਨ੍ਹਾਂ ਪੰਜਾਂ ਨੂੰ ਆਪਣੇ ਵਾਂਗ ਹੀ ਸ਼ਸਤਰਾਂ ਬਸਤਰਾਂ ਵਿੱਚ ਸ਼ਸ਼ੋਭਿਤ ਕਰਕੇ ਆਪਣੇ ਵਰਗਾ ਜਲਾਲ ਤੇ ਦੈਵੀ ਜਮਾਲ ਬਖਸ਼ਕੇ ਆਪਣੇ ਨਾਲ ਲੈ ਕੇ ਸੰਗਤਾਂ ਦੇ ਸਾਹਮਣੇ ਆ ਖੜ੍ਹੇ ਹੋਏ। ਸਾਧਾਰਨ ਮਨੁੱਖ ਲਈ ਗੁਰੂ ਤੇ ਸਿੱਖ ਦੀ ਪਛਾਣ ਔਖੀ ਹੋ ਗਈ। ਸਭ ਇੱਕ ਰੂਪ ਹੀ ਦਿਸ ਰਹੇ ਸਨ। ਗੁਰੂ ਜੀ ਦੇ ਮੁੱਖੜੇ ਉੱਤੇ ਰੋਹ ਦੀ ਥਾਂ ਪਿਆਰ ਦੀਆਂ ਰਿਸ਼ਮਾਂ ਸਨ, ਮਿੱਠੀ ਮੁਸਕਰਾਹਟ ਸੀ, ਖੇੜਾ ਬਰਸਾਉਂਦੇ ਨੈਣ ਸਨ। ਬੀਰ-ਰਸੀ ਲਲਕਾਰ ਦੀ ਥਾਂ ਪਿਆਰ ਭਿੰਨੀ ਮਿੱਠੇ ਬੋਲਾਂ ਦੀ ਫੁਹਾਰ ਛੁੱਟ ਰਹੀ ਸੀ। ਸੱਚ ਹੈ :

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ
ਅਚਰਜ ਚਲਤੁ ਤੁਮਾਰੇ।। (ਪੰਨਾ ੬੧੩)



www.AKJ.Org

ਆਪ ਨੇ ਸਮੂਹ ਸੰਗਤ ਨੂੰ ਸੰਬੋਧਤ ਹੋ ਕੇ ਆਖਿਆ :

ਸੀਸ ਭੇਟ ਕਰਨ ਵਾਲੇ ਇਨ੍ਹਾਂ ਪੰਜਾਂ ਉੱਤੇ ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਹੋਈ ਹੈ। ਇਹ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਹਨ। ਇਹ ਅਮਰ ਪਦ ਨੂੰ ਪ੍ਰਾਪਤ ਹੋ ਚੁੱਕੇ ਹਨ। ਇਹ ਪੂਰਨ ਖਾਲਸਾ ਹਨ। ਹੁਣ ਇਹ ਨਾਈ, ਛੀਂਬੇ, ਖੱਤਰੀ ਆਦਿ ਨਹੀਂ ਰਹੇ, ਅਕਾਲ ਪੁਰਖ ਦੀ ਫੌਜ ਦੇ ਸੂਰਮੇ ਸਿਪਾਹੀ ਬਣ ਗਏ ਹਨ! ਇਹ ਮੇਰੇ ਪਿਆਰੇ ਹਨ, ਮੇਰਾ ਹੀ ਰੂਪ ਹਨ। ਇਨ੍ਹਾਂ ਨੂੰ ਮੇਰੇ ਨਾਲੋਂ ਭਿੰਨ ਨਾ ਸਮਝਿਆ ਜਾਵੇ। ਇਹ ਪੂਰਨ ਖਾਲਸਾ ਹਨ। ਅਕਾਲ ਪੁਰਖ ਦੇ ਹੁਕਮ ਨਾਲ ਖੰਡੇ ਬਾਟੇ ਦੇ ਅੰਮ੍ਰਿਤ ਰਾਹੀਂ ਇਸ ਪਦਵੀ ਤੇ ਪਹੁੰਚੇ ਹਨ।

ਇਹ ਅਸਚਰਜ ਕੌਤਕ ! ਸੰਗਤਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਗੁਰੂ ਜੀ ਸੀਸ ਭੇਟ ਕਰਨ ਵਾਲੇ ਸਿੱਖ ਤੰਬੂ ਵਿੱਚ ਲਿਜਾ ਕੇ ਕਿਸ ਦੇ ਲਹੂ ਨਾਲ ਲਿਬੜੀ ਸਮਸ਼ੀਰ ਲੈ ਕੇ ਬਾਹਰ ਆਉਂਦੇ ਸਨ: ਕਿਉਂਕਿ ਸਿੱਖ ਤਾਂ ਕੇਵਲ ਜਿਉਂਦੇ ਜਾਗਦੇ ਹੀ ਨਹੀਂ ਸਗੋਂ ਨਵੇਂ ਜਾਹੋ-ਜਲਾਲ ਨਾਲ ਬਾਹਰ ਆਏ ਸਨ ਜਿਨ੍ਹਾਂ ਨੂੰ ਮਾਰ ਦਿੱਤੇ ਗਏ ਸਮਝਿਆ ਗਿਆ ਸੀ, ਉਹ ਤਾਂ ਪਰਤੱਖ ਰੂਪ ਵਿੱਚ ਸਨਮੁੱਖ ਖੜ੍ਹੇ ਸਨ। ਕਈ ਤਰ੍ਹਾਂ ਦੇ ਅਨੁਮਾਨ ਲਗਾਏ ਜਾ ਰਹੇ ਸਨ। ਸਭ ਤੋਂ ਵੱਡਾ ਅਨੁਮਾਨਤ ਵੀਚਾਰ ਜੋ ਆਮ ਪ੍ਰਚਲਤ ਹੋ ਗਿਆ ਅਤੇ ਜਿਸ ਨੂੰ ਇਤਿਹਾਸਕਾਰਾਂ ਨੇਂ ਪ੍ਰਵਾਨ ਕਰ ਲਿਆ, ਉਹ ਇਹ ਸੀ ਕਿ ਤੰਬੂ ਵਿੱਚ ਪੰਜ ਬੱਕਰੇ ਬੰਨ੍ਹੇ ਹੋਏ ਸਨ। ਹਰ ਵਾਰੀ ਇੱਕ ਬੱਕਰੇ ਦਾ ਸਿਰ ਵੱਢ ਕੇ ਸੰਗਤਾਂ ਵਿੱਚ ਇਹ ਪ੍ਰਭਾਵ ਦਿੱਤਾ ਜਾਂਦਾ ਸੀ ਕਿ ਸਿੱਖ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਹੋਰ ਸਿੱਖਾਂ ਲਈ ਪਰਚਾ ਬਹੁਤ ਕਠਿਨ ਹੋ ਜਾਂਦਾ ਸੀ। ਸੀਸ ਕਟਾਉਣ ਲਈ ਨਿੱਤਰਨਾ ਕਿਸੇ ਮਰਜੀਵੜੇ ਦਾ ਕੰਮ ਹੀ ਹੋ ਸਕਦਾ ਹੈ। ਸੀਸ ਭੇਟ ਕਰਨ ਵਾਲੇ ਮਰਜੀਵੜੇ ਸਿੱਖਾਂ ਨੇ ਸਤਿਗੁਰ ਦੇ ਬਚਨਾਂ ਤੋਂ ਆਪਣਾ ਆਪ ਕੁਰਬਾਨ ਕਰ ਦਿੱਤਾ ਸੀ।

ਤੰਬੂ ਵਿੱਚ ਬੱਕਰੇ ਬੰਨ੍ਹਣ ਵਾਲੀ ਕਹਾਣੀ ਕਿਸੇ ਦੋਖੀ ਦੀ ਬੜੀ ਚਤਰਾਈ ਪੂਰਨ ਘਾੜਤ ਹੈ। ਇਸ ਕਹਾਣੀ ਨਾਲ ਗੁਰੂ ਸਾਹਿਬ ਦੀ ਸਖਸ਼ੀਅਤ ਦਾ ਜੋ ਪੱਖ ਉਘੜਦਾ ਹੈ, ਉਸ ਅਨੁਸਾਰ ਤਾਂ ਆਪਣੀ ਕਥਨੀ ਤੇ ਕਰਨੀ ਵਿੱਚ ਇਕਸੁਰਤਾ ਨਹੀਂ ਪ੍ਰਤੀਤ ਹੁੰਦੀ। ਸਿੱਖੀ ਦੀ ਇਹ ਸਹੀ ਪ੍ਰੀਖਿਆ ਤਾਂ ਨਾ ਹੋਈ ਸਗੋਂ ਪ੍ਰੀਖਿਆ ਦੇ ਪੜਦੇ ਹੇਠ ਇੱਕ ਨਾਟਕ ਹੀ ਰਚਿਆ ਗਿਆ। ਪਰ ਗੁਰੂ ਸਾਹਿਬ ਦਾ ਆਪਣਾ ਕਥਨ ਹੈ :-

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥(ਬਚਿਤ੍ਰ ਨਾਟਕ)

ਇੱਕ ਮਿੰਟ ਲਈ ਮੰਨ ਲਈਏ ਕਿ ਉੱਚ ਆਦਰਸ਼ ਦੀ ਪੂਰਤੀ ਲਈ ਅਜਿਹਾ ਕੀਤਾ ਗਿਆ ਹੋਵੇਗਾ, ਤਾਂ ਕੀ ਤੰਬੂ ਵਿੱਚ ਬੱਕਰੇ ਬੇਹੋਸ਼ ਕਰਕੇ ਰੱਖੇ ਗਏ ਸਨ ਜਾਂ ਫਿਰ ਗੂੰਗੇ ਬੱਕਰਿਆਂ ਦੀ ਹੀ ਚੋਣ ਕੀਤੀ ਗਈ ਸੀ ? ਪੰਜ ਬੱਕਰੇ ਤੰਬੂ ਵਿੱਚ ਬੰਨ੍ਹੇ ਹੋਣ ਪਰ ਉਨ੍ਹਾਂ ਦੀ ਆਵਾਜ਼ ਮੂਲੋਂ ਹੀ ਬਾਹਰ ਨਾ ਨਿਕਲੇ। ਵੇਖਣ ਵਿੱਚ ਆਇਆ ਹੈ ਕਿ ਜਦੋਂ ਕਸਾਈ ਨੇ ਇੱਜੜ ਵਿਚੋਂ ਬੱਕਰਿਆਂ ਦੀ ਚੋਣ ਕਰਨੀ ਹੁੰਦੀ ਹੈ ਤਾਂ ਉਹਦੇ ਹੱਥ ਵਿੱਚ ਕੇਵਲ ਸੋਟੀ ਹੁੰਦੀ ਹੈ, ਤਲਵਾਰ ਨਹੀਂ। ਜਿਸ ਬੱਕਰੇ ਉੱਤੇ ਸੋਟੀ ਟਿਕਦੀ ਹੈ, ਇੱਜੜ ਦਾ ਮਾਲਕ ਉਸ ਨੂੰ ਇੱਕ ਪਾਸੇ ਕਰ ਦਿੰਦਾ ਹੈ। ਬੱਕਰੇ ਸੋਟੀ ਨੂੰ ਵੇਖਕੇ ਹੀ ਆਪਣੇ ਸਾਮ੍ਹਣੇ ਮੌਤ ਖੜ੍ਹੀ ਮਹਿਸੂਸ ਕਰਨ ਲੱਗ ਜਾਂਦੇ ਹਨ। ਉਹ ਡਰਦੇ ਜਾਂ ਜਾਨ ਬਖਸ਼ੀ ਲਈ ਤਰਲੇ ਲੈਂਦੇ ਹੋਏ ਸ਼ੋਰ ਮਚਾ ਦਿੰਦੇ ਹਨ। ਤੰਬੂ ਵਿੱਚ ਬੱਧੇ ਬੱਕਰੇ ਆਪਣੇ ਸਾਥੀ ਦਾ ਸਿਰ ਲਹਿੰਦਾ ਵੇਖ ਕੇ ਵੀ ਚੁੱਪ ਰਹਿਣ। ਫਿਰ, ਤੰਬੂ ਦੇ ਬਾਹਰ ਵੀ ਕਿਸੇ ਨੂੰ ਪਤਾ ਹੀ ਨਾ ਲੱਗੇ ਕਿ ਇਨ੍ਹਾਂ ਦਾ ਘਾਣ ਹੋ ਰਿਹਾ ਹੈ। ਜੇ ਬੱਕਰੇ ਝਟਕਾ ਹੀ ਦਿੱਤੇ ਸਨ ਤਾਂ ਉਨ੍ਹਾਂ ਨੂੰ ਬਿਲੇ ਕਿਵੇਂ ਲਾਇਆ ਗਿਆ ? ਇਤਿਹਾਸ ਚੁੱਪ ਹੈ। ਕੀ ਉਨ੍ਹਾਂ ਦੇ ਮਾਸ ਦਾ ਪ੍ਰਸ਼ਾਦ ਵੰਡਿਆ ਗਿਆ ? ਕੋਈ ਉੱਤਰ ਨਹੀਂ।

ਅਜਿਹੀ ਕਹਾਣੀ ਘੜਨ ਵਾਲਿਆਂ ਦਾ ਤਰਕ ਹੈ ਕਿ ਜੇ ਸਿੱਖਾਂ ਦੇ ਸਿਰ ਸੱਚਮੁੱਚ ਹੀ ਤਲਵਾਰ ਦੀ ਭੇਟ ਚੜ੍ਹਾਏ ਗਏ ਸੀ ਤਾਂ ਉਹ ਸਾਬਤ ਸੂਰਤ ਸਿੰਘਾਂ ਦਾ ਰੂਪ ਧਾਰ ਕੇ ਕਿਵੇਂ ਆ ਗਏ ? ਅਜਿਹੀਆਂ ਦਲੀਲਾਂ ਦੇਣ ਸਮੇਂ ਬਾਣੀ ਨੂੰ ਭੁਲਾ ਦਿੱਤਾ ਜਾਂਦਾ ਹੈ। ਬਾਣੀ ਦੇ ਸੱਤ -ਸਰੂਪ ਵਿੱਚ ਵਿਸ਼ਵਾਸ਼ ਦੀ ਘਾਟ ਕਰਕੇ ਹੀ ਸ਼ੰਕਾ ਬ੍ਰਿਤੀ ਪ੍ਰਬਲ ਹੋ ਜਾਂਦੀ ਹੈ। ਸਾਡੇ ਕੰਨਾਂ ਵਿੱਚ ਇਹ ਆਵਾਜ਼ ਨਹੀਂ ਗੂੰਜਦੀ :-

ਸਤਿਗੁਰ ਕੀ ਬਾਣੀ ਸਤਿ ਸਤਿ
ਕਰ ਜਾਣਹੁ ਗੁਰਸਿਖਹੁ
ਹਰ ਕਰਤਾ ਆਪ ਮੁਹਹੁ ਕਢਾਇ ॥(ਪੰਨਾ ੩੦੮)

ਬਾਣੀ ਸਪੱਸ਼ਟ ਸ਼ਬਦਾਂ ਵਿੱਚ ਦਸ ਰਹੀ ਹੈ :-

ਆਪੇ ਮਾਰਿ ਜੀਵਾਇਦਾ ਪਿਆਰਾ
ਸਾਹ ਲੇਦੇ ਸਭਿ ਲਵਾਇਆ, ॥੩॥ (ਪੰਨਾ ੬੦੬)
ਮਿਰਤਕ ਕੋ ਜੀਵਾਲਨ ਹਾਰ ॥ (ਸੁਖਮਨੀ-ਪੰਨਾ ੨੮੩)
ਮਿਰਤਕ ਕੋ ਪਾਇਓ ਤਨਿ ਸਾਸਾ
ਬਿਛੁਰਤ ਆਨਿ ਮਿਲਾਇਆ ॥ (ਪੰਨਾ ੬੧੪)
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥(ਸੁਖਮਨੀ-ਪੰਨਾ ੨੭੭)


www.AKJ.Org

ਬਾਣੀ ਨੇ ਤਾਂ ਆਰੰਭ ਤੋਂ ਸਿੱਖ ਨੂੰ ਹੁਕਮ ਕਰ ਦਿੱਤਾ ਹੋਇਆ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨਾ ਕੀਜੈ।। (ਪੰਨਾ ੧੪੧੨)
ਸਤਿਗੁਰ ਆਗੈ ਸੀਸੁ ਭੇਟ ਦੇਉ।।
ਜੇ ਸਤਿਗੁਰ ਸਾਚੇ ਭਾਵੈ।। (ਪੰਨਾ ੧੧੧੪)

ਸਿੱਖਾਂ ਦੇ ਅੰਦਰ ਮਰਨ ਦੀ ਲੋਚਾ ਵੀ ਪਹਿਲਾਂ ਤੋਂ ਹੀ ਪੈਦਾ ਹੋ ਚੁੱਕੀ ਸੀ :

ਕਬੀਰ ਮੋਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ।। (ਪੰਨਾ ੧੩੬੭)
ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ।। (ਪੰਨਾ ੮੩)

ਪੰਜ ਸਿੱਖ ਜੋ ਸੀਸ ਭੇਟ ਕਰਨ ਲਈ ਨਿੱਤਰੇ ਸਨ ਉਨ੍ਹਾਂ ਦੇ ਵਿਅਕਤਿਤ੍ਵ ਦਾ ਸਰੂਪ ਵੀ ਵਿਲੱਖਣ ਹੈ। ਆਪਣੀ ਸਥੂਲ ਬੁੱਧੀ ਤੇ ਨਿਰਭਰ ਕਰਦੇ ਹੋਏ ਅਸੀਂ ਆਪਾ ਸਪਰਪਿਤ ਸਿੱਖਾਂ ਦੇ ਖੱਤਰੀ, ਨਾਈ, ਛੀਬੇ, ਝੀਵਰ ਆਦਿ ਹੋਣ ਨੂੰ ਇੱਕ ਇਤਫਾਕੀਆ ਘਟਨਾ ਹੀ ਮੰਨ ਲੈਂਦੇ ਹਾਂ। ਪਰ *'ਚੋਜੀ ਮੇਰੇ ਗੋਵਿੰਦਾ'* ਦੇ ਚੋਜ ਨਿਆਰੇ ਹਨ। ਗੁਰੂ ਜੀ ਦੀ ਅੰਤਰਾਤਮੇ ਪ੍ਰੇਰਣਾ ਸਦਕਾ ਹੀ ਅਜਿਹਾ ਹੋਇਆ ਸੀ। ਅਭਿਮਾਨੀਆਂ ਦਾ ਅਭਿਮਾਨ ਤੋੜਨ ਹਿੱਤ ਅਜਿਹਾ ਕੌਤਕ ਵਰਤਾਇਆ ਜਾਣਾ ਜ਼ਰੂਰੀ ਸੀ। 'ਨੀਚਾ ਅੰਦਰਿ ਨੀਚੁ ਜਾਤਿ' ਸਮਝੇ ਜਾਣ ਵਾਲਿਆ ਅੰਦਰ ਵੀ ਗੁਰੂ ਪ੍ਰੇਮ ਅਤੇ ਆਪਾ ਮਾਰੂ ਬ੍ਰਿਤੀ ਪਰਤੱਖ ਕਰਨ ਲਈ ਸਭ ਵਿੱਚ ਦਇਆ ਰਾਮ ਖੱਤਰੀ ਦੇ ਬਰਾਬਰ ਦਾ ਜਜ਼ਬਾ ਭਰਿਆ ਵਿਖਾਇਆ ਗਿਆ ਅਤੇ ਫਿਰ ਇੱਕ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ ਸਾਰੇ ਭਿੰਨ ਭੇਦ ਮਿਟਾ ਦਿੱਤੇ ਗਏ।

ਇਨ੍ਹਾਂ ਪੰਜਾਂ ਦੇ ਨਾਵਾਂ ਵੱਲ ਧਿਆਨ ਦਈਏ ਤਾਂ ਇੱਥੇ ਵੀ ਕਿਸੇ ਗੈਬੀ ਫ਼ਿਲਾਸਫ਼ੀ ਦੇ ਦਰਸ਼ਨ ਹੁੰਦੇ ਹਨ। ਦਸ਼ਮੇਸ਼ ਪਿਤਾ ਨੂੰ ਅਕਾਲ ਪੁਰਖ ਵਲੋਂ *'ਧਰਮ ਚਲਾਵਨ'* ਲਈ ਭੇਜਿਆ ਗਿਆ ਸੀ। ਧਰਮ ਦਾ ਮੂਲ ਆਧਾਰ *'ਦਯਾ'* ਹੈ। 'ਧੌਲੁ ਧਰਮੁ, ਦਇਆ ਕਾ ਪੂਤੁ' (ਜਪੁ ਜੀ) ਸਭ ਤੋਂ ਪਹਿਲਾਂ ਦਯਾ ਮੈਦਾਨ ਵਿੱਚ ਨਿਤਰੀ। ਫਿਰ ਧਰਮ ਸਾਕਾਰ ਹੋਇਆ। ਦਇਆ ਵਾਨ ਹਿਰਦਾ ਕੋਮਲ ਹੁੰਦਾ ਹੈ। ਧਰਮ ਆ ਵਸੇ ਤਾਂ ਕੋਮਲਤਾ ਵਿੱਚ ਕੇਹਰਾਂ ਦੀ 'ਹਿੰਮਤ' ਆ ਜਾਂਦੀ ਹੈ। ਹਿੰਮਤ ਦ੍ਰਿੜ੍ਹਤਾ ਦੀ ਜਨਮ-ਦਾਤੀ ਹੈ। ਦ੍ਰਿੜ੍ਹ ਇਰਾਦੇ ਬਿਨਾਂ ਨਾ ਤਾਂ ਆਦਰਸ਼ ਪੂਰਤੀ ਦੇ ਜਤਨਾਂ ਵਿੱਚ ਜੁਟਿਆ ਜਾਂਦਾ ਹੈ ਅਤੇ ਨਾ ਹੀ ਦਾਸ ਭਾਵਨਾ ਦਾ ਤਿਆਗ ਕਰਕੇ ਆਪਣੀ ਅਣਖ ਨਾਲ ਸਿਰ ਉੱਚਾ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ। ਅਜਿਹਾ ਅਣਖੀ ਜਿਉੜਾ ਹੀ *'ਮੁਹਕਮ'* ਬਣ ਨਿੱਤਰਦਾ ਹੈ। 'ਮੁਹਕਮ ਫਉਜ ਹਠਲੀ ਰੇ।।' (ਆਸਾ ਮ: ੫, ਪੰਨਾ ੪੦੪)

ਉਸਦੀ ਵੰਗਾਰ, ਲਲਕਾਰ ਵਿੱਚ ਬਦਲ ਜਾਂਦੀ ਹੈ। ਦਯਾ, ਧਰਮ, ਹਿੰਮਤ, ਮੁਹਕਮ ਦੇ ਪੜਾਅ ਨੂੰ ਪਾਰ ਕਰਨ ਵਾਲਾ *'ਸਾਹਿਬ'*, ਸ੍ਰੇਸ਼ਟ ਪੁਰਸ਼ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਜਦੋਂ ਸਿੱਖ 'ਸਾਹਿਬ' ਬਣ ਗਿਆ, ਤਖਤ ਦਾ ਵਾਰਸ ਬਣ ਕੇ ਹੁਕਮ ਚਲਾਉਣ ਵਾਲਾ ਹੋ ਗਿਆ ਤਾਂ *'ਸੱਚੇ ਸਾਹਿਬ'* ਨਾਲ ਉਸਦੀ ਨੇੜਤਾ, ਇਕ ਰੂਪਤਾ ਤੇ ਅਭੇਦਤਾ ਵਿੱਚ ਪਰਿਵਰਤਿਤ ਹੋ ਜਾਂਦੀ ਹੈ। ਫਿਰ ਉਹ ਸਾਹਿਬ ਦਾ ਹੀ ਰੂਪ ਬਣ ਜਾਂਦਾ ਹੈ। 'ਖਾਲਸਾ ਮੇਰੋ ਰੂਪ ਹੈ ਖ਼ਾਸ' ਕਹਿਣ ਵਾਲੇ ਸਾਹਿਬ ਨੇ ਉਪਰੋਕਤ ਸਾਰੇ ਗੁਣਾਂ ਨੂੰ ਕੇਂਦ੍ਰਿਤ ਕਰ ਕੇ ਖਾਲਸੇ ਦੀ ਸਿਰਜਣਾ ਕੀਤੀ ਅਤੇ 'ਆਪਣਾ ਇਸ਼ਟ ਸੁਹਿਰਦ ਮੰਨਿਆ। ਇਸ ਤਰ੍ਹਾਂ ਸੀਸ ਭੇਟ ਕਰਨ ਵਾਲੇ ਸਿੱਖਾਂ ਨੇ ਨਾਮ ਵੀ ਖਾਲਸੇ ਲਈ ਆਵਸ਼ਕ ਗੁਣਾਂ ਦੇ ਪ੍ਰਤੀਤ ਹਨ। ਛੇਵੇਂ ਪਾਤਸ਼ਾਹ ਨੇ ਸ਼ਸ਼ਤ੍ਰ ਬੱਧ ਸੈਨਾ ਤਿਆਰ ਕੀਤੀ ਸੀ। ਦਸਮ ਪਾਤਸ਼ਾਹ ਨੇ ਸਮੂਹ ਸੰਗਤ ਨੂੰ ਹੀ ਸੈਨਿਕ ਸ਼ਕਤੀ ਪ੍ਰਦਾਨ ਕਰ ਦਿੱਤੀ। ਸਮੁੱਚੀ ਕੌਮ ਫੌਜ ਦੇ ਰੂਪ ਵਿੱਚ ਪ੍ਰਗਟ ਹੋਈ :-

ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ।

ਸਤਿਗੁਰੂ ਦੇ ਹੁਕਮ ਨਾਲ ਸੀਸ ਭੇਟ ਕਰਨ ਵਾਲੇ ਗੁਰੂ ਦੇ ਪਿਆਰੇ ਬਣੇ। ਪੰਜ ਪਿਆਰਿਆਂ ਨੂੰ ਸੰਗਤ ਦੇ ਸਨਮੁੱਖ ਲਿਆਉਣ ਉਪਰੰਤ ਹੋਰ ਨਿਰਾਲਾ ਚੋਜ। ਸੰਗਤ ਵਿੱਚ ਬੈਠੇ ਸਿੱਖ ਅਚੰਭਿਤ ਰਹਿ ਗਏ ਜਦੋਂ ਗੁਰੂ ਜੀ ਦੀ ਸਖਸ਼ੀਅਤ ਦਾ ਇੱਕ ਹੋਰ ਬਚਿੱਤ੍ਰ ਰੂਪ ਉਨ੍ਹਾਂ ਦੇ ਸਾਹਮਣੇ ਆਇਆ। ਆਪ ਬੜੀ ਨਿਮਰਤਾ, ਹਲੀਮੀ ਤੇ ਆਪਾ ਸਮਰਪਨ ਦੀ ਭਾਵਨਾ ਨਾਲ ਉਨ੍ਹਾਂ ਪੰਜਾਂ ਨੂੰ ਸੰਬੋਧਿਤ ਹੋਏ, ਹੱਥ ਜੋੜ ਕੇ ਸੀਸ ਨਿਭਾਇਆ ਤੇ ਬੇਨਤੀ ਕੀਤੀ :

ਖਾਲਸਾ ਜੀ ! ਤੁਸੀਂ ਮੇਰੇ ਬਣੇ ਹੋ, ਹੁਣ ਮੈਨੂੰ ਆਪਣੇ ਤੋਂ ਵੱਖਰਾ ਨਾ ਰੱਖੋ। ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ


www.AKJ.Org

ਅਤੇ ਆਪਣਾ ਬਣਾ ਲਵੇ।

ਉਨ੍ਹਾਂ ਪੰਜ ਸਿੰਘਾਂ ਨੇ ਸਰਬ ਲੋਹ ਦੇ ਬਾਟੇ ਵਿੱਚ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਜਿਸ ਵਿੱਚ ਪਾਣੀ ਦੀ ਨਿਰਮਲਤਾ ਤੇ ਪਵਿੱਤਰਤਾ, ਲੋਹੇ ਦੀ ਕਰੜਾਈ, ਖੰਡੇ ਦੀ ਤਿੱਖੀ ਧਾਰ, ਪਤਾਸਿਆਂ ਦੀ ਮਿਠਾਸ ਅਤੇ ਬਾਣੀ ਵਿੱਚ ਲੁਪਤ ਨਾਮ ਦੀ ਆਕਰਖਣ ਸ਼ਕਤੀ ਸਮਾਈ ਹੋਈ ਸੀ। ਪੰਜ ਪਿਆਰਿਆਂ ਨੇ ਜਿਸ ਤਰ੍ਹਾਂ ਆਪ ਅੰਮ੍ਰਿਤ ਛਕਿਆ ਸੀ ਉਸੇ ਤਰ੍ਹਾਂ ਗੋਬਿੰਦ ਰਾਏ ਜੀ ਨੂੰ ਅੰਮ੍ਰਿਤ ਛਕਾ ਗੋਬਿੰਦ ਸਿੰਘ ਬਣਾਇਆ। ਗੁਰੂ ਜੀ ਨੇ ਸਿੱਖਾਂ ਨੂੰ ਖਾਲਸਾ ਬਣਾਇਆ ਸੀ, ਖਾਲਸੇ ਨੇ ਗੁਰੂ ਜੀ ਨੂੰ ਸਿੱਖੀ ਦੇ ਦਇਰੇ ਵਿੱਚ ਲਿਆ ਕੇ, ਖਾਲਸੇ ਦਾ ਅੰਗ ਬਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਸਿਧਾਂਤ -

**ਗੁਰੂ ਸਿਖੁ ਸਿਖੁ ਗੁਰੂ ਹੈ**
**ਏਕੋ ਗੁਰ ਉਪਦੇਸੁ ਚਲਾਏ।।** (ਪੰਨਾ ੪੪੪)

ਨੂੰ ਅਮਲੀ ਰੂਪ ਵਿੱਚ ਸਾਕਾਰ ਕਰ ਵਿਖਾਇਆ। ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿੱਚ ਇਹ ਇਕ ਅਜਿਹੀ ਘਟਨਾ ਹੈ ਜਿਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ ਕਿ ਸੰਗਤਾਂ ਦੇ ਵਿਸ਼ਾਲ ਇਕੱਠ ਦੇ ਸਾਹਮਣੇ ਗੁਰੂ ਸਿੱਖਾਂ ਕੋਲੋਂ ਸਿੱਖੀ ਪ੍ਰਾਪਤ ਕਰ ਰਿਹਾ ਹੋਵੇ ਅਤੇ ਸਿੱਖਾਂ ਵਿੱਚ ਗੁਰੂ-ਸ਼ਕਤ ਦਾ ਅਹਿਸਾਸ ਪੈਦਾ ਕਰਕੇ ਅਸਚਰਜ ਭਾਂਤ ਦਾ ਗੌਰਵ ਉਪਜਾਏ। ਸੀਸ ਭੇਟ ਕਰਨ ਵਾਲੇ *'ਪੰਚ'* ਗੁਰੂ ਦਰ ਤੇ ਪਰਵਾਨ ਚੜ੍ਹੇ ਅਤੇ *'ਪੰਚ ਪਰਧਾਨ'* ਪਦ ਨੂੰ ਪ੍ਰਾਪਤ ਹੋਏ। ਪਹਿਲੀ ਨਾਨਕ ਜੋਤ ਤੋਂ ਹੀ ਇਹ ਸਿਧਾਂਤ ਪ੍ਰਚਲਿਤ ਸੀ। ਕ੍ਰਿਆਤਮਕ ਸਰੂਪ ਅਤੇ ਵਿਧੀ ਵਿੱਚ ਭਿੰਨਤਾ ਵੱਖਰੀ ਗੱਲ ਹੈ। ਭਾਈ ਲਹਿਣਾ ਜੀ ਨੇ ਪੂਰਨ ਤੌਰ ਤੇ ਆਪਾ ਸਮਰਪਣ ਕੀਤਾ ਸੀ ਤਾਂ ਹੀ *'ਨਾਨਕ-ਜੋਤ'* ਦੇ ਵਾਰਸ ਬਣ ਕੇ *'ਗੁਰੂ ਅੰਗਦ'* ਅਖਵਾਏ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ 'ਹੁਕਮ ਮੰਨਿਐ ਹੋਵੈ ਪਰਵਾਣ' ਦੇ ਅਸੂਲ ਨੂੰ ਅਪਨਾਅ, ਗੁਰੂ ਸਮਰਪਿਤ ਹੋ, ਸਿੱਖ ਪਦ ਤੋਂ ਗੁਰੂ ਪਦ ਤੱਕ ਪਹੁੰਚਦੇ ਰਹੇ। ਦਸਵੇਂ *'ਗੁਰੂ ਨਾਨਕ'* ਨੇ ਪ੍ਰਤੱਖ ਰੂਪ ਵਿੱਚ ਸੀਸ ਭੇਟ ਕਰਨ ਵਾਲੇ ਕੌਤਕ ਰਾਹੀਂ ਖਾਲਸੇ ਦੀ ਸਿਰਜਨਾ ਕਰਕੇ, ਦੇਹਧਾਰੀ ਗੁਰੂ ਦੀ ਪਰੰਪਰਾ ਹੀ ਖਤਮ ਕਰ ਦਿੱਤੀ। ਗੁਰਗੱਦੀ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹੋਏ ਅਤੇ ਸੀਸ ਭੇਟ ਕਰਨ ਵਾਲੇ *'ਪੰਜ ਪਿਆਰੇ'* ਬਣ ਜਾਗਤ ਜੋਤਿ ਬਾਣੀ-ਗੁਰੂ ਦੀ ਤਾਬਿਆ ਵਿੱਚ ਗੁਰਮੰਤ੍ਰ ਦ੍ਰਿੜ ਕਰਾ ਸਿੱਖੀ ਪ੍ਰਦਾਨ ਕਰਨ ਦੇ ਅਧਿਕਾਰੀ ਬਣੇ।

ਹਹਹਹਹ

## ਅਰਦਾਸ ਕਰ

(ਡਾ: ਗੁਰਦਰਸ਼ਨ ਸਿੰਘ 'ਬਾਦਲ')

ਨਾਮ ਜਪਿਆਂ ਵੀ ਜੇ ਉਹ ਮਿਲਿਆ ਨਹੀਂ, ਅਰਦਾਸ ਕਰ।
ਦਿਲ 'ਚ ਜੇ ਦੀਪਕ ਕੋਈ ਜਗਿਆ ਨਹੀਂ, ਅਰਦਾਸ ਕਰ।
ਮਨ 'ਚ ਜੇ ਵੀਚਾਰ ਕੋਈ ਟਿਕਿਆ ਨਹੀਂ, ਅਰਦਾਸ ਕਰ।
ਦਿਲ ਤਿਰੇ ਦਾ ਜੇ ਕੰਵਲ ਖਿੜਿਆ ਨਹੀਂ, ਅਰਦਾਸ ਕਰ।
ਕਿਰਤ ਕਰ ਕੇ ਵੀ ਜੇ ਕੁੱਝ ਜੁੜਿਆ ਨਹੀਂ, ਅਰਦਾਸ ਕਰ।
ਜੋੜ ਕੇ ਜੇ ਮਨ ਤੇਰਾ ਭਰਿਆ ਨਹੀਂ, ਅਰਦਾਸ ਕਰ।
ਕੋਲ ਸਭ ਕੁੱਝ ਹੁੰਦਿਆਂ ਵੀ ਦੀਨ ਦੁਨੀਆਂ ਵਾਸਤੇ,
ਦਰਦ ਦਾ ਦਾਰੂ ਜੇ ਬਣ ਸਕਿਆ ਨਹੀਂ, ਅਰਦਾਸ ਕਰ।
ਆਪਣਾ ਹਿੱਸਾ ਵੀ ਭੁੱਖੇ ਮੂੰਹ 'ਚ ਪਾ, ਅਸੀਸ ਲੈ,
ਤੇਰੇ ਖਾਤਰ ਕੁੱਝ ਅਗਰ ਬਚਿਆ ਨਹੀਂ, ਅਰਦਾਸ ਕਰ।
ਉਸਦੇ ਦਰ ਆਣਕੇ ਵੀ, ਜੇ ਵਿਚਲ ਜਾਂਦਾ ਹੈ ਮਨ,
ਉਸਦੇ ਚਰਨਾਂ ਬੀਂ ਜੇ ਜੁੜਿਆ ਨਹੀਂ, ਅਰਦਾਸ ਕਰ।
ਸੱਚੇ ਦਿਲ ਦੀ ਜੋਦੜੀ ਬਿਰਥੀ ਕਦੇ ਜਾਂਦੀ ਨਹੀਂ,
ਕੌਣ ਹੈ ਜਿਸ 'ਤੇ ਉਹੋ ਤੁਠਿਆ ਨਹੀਂ ? ਅਰਦਾਸ ਕਰ।
ਇੱਕ ਦੀ ਥਾਂ ਸੱਤ ਪੁੱਤਰ ਬਖਸ਼ਦਾ ਹੈ ਪਾਤਸ਼ਾਹ,
ਜੇ ਤਿਰੀ ਕਿਸਮਤ 'ਚ ਇੱਕ ਲਿਖਿਆ ਨਹੀਂ, ਅਰਦਾਸ ਕਰ।
ਉਸਦੇ ਦਰ ਤੇ ਅਸੰਭਵ ਬੰਦਿਆਂ ! ਕੁੱਝ ਵੀ ਨਹੀਂ,
ਮੰਗਿਆਂ ਤੈਨੂੰ ਜੇ ਕੁੱਝ ਮਿਲਿਆ ਨਹੀਂ, ਅਰਦਾਸ ਕਰ।
ਦੂਰ ਹੈ ਤੁਹੀਓਂ ਹੀ ਓਸ ਤੋਂ, ਓਹ ਤਾਂ ਤੇਰੇ ਨੇੜ ਹੈ,
ਕੋਲ ਵੀ ਤੈਨੂੰ ਅਗਰ ਦਿਸਿਆ ਨਹੀਂ, ਅਰਦਾਸ ਕਰ।
ਗੁਰ ਬਿਨਾਂ ਨੂੰ ਓਸ ਭਵ-ਸਾਗਰ ਨੂੰ ਤਰ ਸਕਦਾ ਨਹੀਂ,
ਗੁਰ ਬਿਨਾ ਪਰ ਗੁਰ ਕਦੇ ਮਿਲਿਆ ਨਹੀਂ, ਅਰਦਾਸ ਕਰ।
ਆਸ ਦਾ ਪੱਲਾ ਨਾ ਛੱਡ, ਮਾਯੂਸ ਨਾ ਹੋ ਬੰਦਿਆਂ !
ਲੜ ਓਦਾ ਹੁਣ ਤੀਕ ਜੇ ਫੜਿਆ ਨਹੀਂ, ਅਰਦਾਸ ਕਰ।
ਰੌਸ਼ਨੀ ਹੀ ਰੌਸ਼ਨੀ ਜਗ 'ਤੇ ਚੁਫ਼ੇਰੇ ਹੈ ਤਦੇ,
ਨਾਮ ਦਾ ਹੀ ਦੀਪ ਇੱਕ ਬਲਿਆ ਨਹੀਂ, ਅਰਦਾਸ ਕਰ।
ਆਪ ਹੀ ਰਾਹ ਦੇਣਗੇ ਤੈਨੂੰ ਇਹ ਝੱਖੜ ਤੇ ਤੂਫ਼ਾਨ,
ਰੋਕ ਸਕਦੇ ਰਾਹ ਤਿਰਾ ਦਰਿਆ ਨਹੀਂ, ਅਰਦਾਸ ਕਰ।
ਸੋਚਦੇ ਕੀ "ਬਾਦਲਾ"! ਅਰਦਾਸ ਬਾਰੇ ਲਿਖ ਗਜ਼ਲ,
ਸ਼ਿਅਰ ਜੇ ਤੈਨੂੰ ਕੋਈ ਫੁਰਿਆ ਨਹੀਂ, ਅਰਦਾਸ ਕਰ।

ਹਹਹਹਹ



www.AKJ.Org

# ਚਰਨਾਮ੍ਰਿਤ ਤੋਂ ਖੰਡੇ ਦੀ ਪਾਹੁਲ

(ਪ੍ਰਿੰ: ਸੱਜਣ ਸਿੰਘ ਜੀ)

ਨਿਗੁਰੇ ਪੁਰਸ਼ ਦਾ ਇਕ ਖਾਸ ਅਉਗਣ ਉਸ ਦੀ ਹੰਗਤਾ ਹੈ ਜਿਹੜੀ ਪ੍ਰਤੱਖ ਰੂਪ ਵਿੱਚ ਵੀ ਤੇ ਸੂਖਮ ਰੂਪ ਵਿੱਚ ਵੀ ਹੋ ਸਕਦੀ ਹੈ। ਆਪਣੇ ਮਨ ਜਾਂ ਬੁੱਧੀ ਦੁਆਰਾ ਉਸਾਰੇ ਮਾਰਗ ਤੇ ਚੱਲਣ ਵਾਲਾ ਜੀਵ ਗੁਰੂ ਧਾਰਨ ਕਰਨ ਨੂੰ ਬੇਲੋੜਾ ਸਮਝਦਾ ਹੈ। ਅਜਿਹੇ ਪੁਰਸ਼ ਨੂੰ ਗੁਰ ਉਪਦੇਸ਼ ਤੇ ਅਧਿਆਤਮਕ ਗਿਆਨ ਨਿਰੀ ਬੰਦਸ਼ ਪਰਤੀਤ ਹੁੰਦੀ ਹੈ। ਨਾਮ ਜੈਸੀ ਵਡਮੁੱਲੀ ਵਸਤੂ ਹਕੀਕਤ ਵਿੱਚ ਅਮੁੱਲ ਹੈ ਪਰ ਉਸਦੀ ਪ੍ਰਾਪਤੀ ਲਈ ਮੁੱਲ ਦੇਣਾ ਪੈਂਦਾ ਹੈ, ਉਹ ਮੁੱਲ ਸਿਰ ਦਾ ਅਰਪਣਾ ਹੈ। ਇਸ ਸੰਸਾਰ ਵਿੱਚ ਸਿਰ ਉੱਚਾ ਰੱਖ ਕੇ ਚੱਲਣਾ ਹਉਮੈ ਦਾ ਪ੍ਰਤੀਕ ਹੈ। ਸੀਸ ਝੁਕਾਉਣਾ ਹਉਮੈ ਤਿਆਗਣਾ ਹੈ, ਮੈਂ ਮੇਰੀ ਨੂੰ ਮਿਟਾਉਣਾ ਹੈ। ਬੱਚੇ ਮਾਂ, ਬਾਪ ਜਾਂ ਸੰਬੰਧੀਆਂ ਨੂੰ ਪਿਆਰ ਤੇ ਸਤਿਕਾਰ ਦੇ ਪ੍ਰਗਟਾਵੇ ਲਈ ਮੱਥਾ ਟੇਕਦੇ ਹਨ। ਮੁਰਸ਼ਦ ਤੇ ਮੁਰੀਦ ਦਾ ਰਿਸ਼ਤਾ ਇਸ ਤੋਂ ਜ਼ਿਆਦਾ ਸੂਖਮ ਤੇ ਭਾਵਕ ਹੈ ਕਿਉਂਕਿ ਰੂਹਾਨੀਅਤ ਦੇ ਖੇਤਰ ਵਿੱਚ ਤਨ ਅਰਪਣ ਦੇ ਇਲਾਵਾ ਮਨ ਕੀ ਮਤਿ ਦਾ ਤਿਆਗਣਾ ਲਾਜ਼ਮੀ ਹੈ।

ਹਉਮੈ ਸਭ ਰੋਗਾਂ ਤੋਂ ਬਲਵਾਨ ਤੇ ਪ੍ਰਭਾਵਸ਼ਾਲੀ ਹੈ। ਗੁਰਦੇਵ ਜੀ ਨੇ ਇਸ ਨੂੰ ਦੀਰਘ ਰੋਗ ਆਖਿਆ ਹੈ। ਇਹ ਵਾਕਈ ਅਜਗਰ ਹੈ ਜਿਸ ਵਿੱਚ ਦੇਵੀ ਗੁਣਾਂ ਨੂੰ ਬਿਨਾਂ ਚਬਾਏ ਨਿਗਲਣ ਤੇ ਭਸਮ ਕਰਨ ਦੀ ਸਮਰੱਥਾ ਹੈ। ਹੰਕਾਰੀ ਪੁਰਸ਼, ਸਿੰਮਲ ਰੁੱਖ ਨਿਆਈਂ ਆਕੜਖਾਨ, ਫਿੱਕਾ ਤੇ ਫਲਹੀਨ ਹੈ ਜਿਸ ਤੇ ਭਰੋਸਾ ਰੱਖਣ ਵਾਲੇ ਨੂੰ ਨਿਰਾਸਤਾ ਦੇ ਸਿਵਾਇ ਕੁੱਝ ਨਹੀਂ ਮਿਲਦਾ।

(1) ਹਉਮੈ ਦਾ ਅਰਪਣਾ - ਨਿਮਰਤਾ ਤੇ ਮਿਠਾਸ ਤੋਂ,

(2) ਤਨ ਦਾ ਅਰਪਣਾ - ਸੇਵਾ ਤੇ ਪਰਉਪਕਾਰ ਤੋਂ ਹਿਰਦੇ ਵਿੱਚ ਅਜਿਹੇ ਸ਼ੁਭ ਗੁਣਾਂ ਦੇ ਤੱਤਾਂ ਦਾ ਪਰਵੇਸ਼ ਹੁੰਦਾ ਹੈ ਕਿ ਜੁਗਾਂ ਜੁਗੰਤਰ ਤੋਂ ਜੰਮੀ ਹੋਈ ਮੈਲ ਤੇ ਪਈ ਹੋਈ ਵਿੱਥ ਸਦਾ ਲਈ ਮਿੱਟ ਜਾਂਦੀ ਹੈ।

ਸਤਿਗੁਰ ਨਾਨਕ ਦੇਵ ਜੀ ਨੇ ਜਗਤ ਕਲਿਆਣ ਲਈ ਨਾਮ ਦੇਣ ਦੀ ਜਿਹੜੀ ਪਰੰਪਰਾ ਅਪਣਾਈ ਉਹ "ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।" (ਪੰਨਾ ੧੪੧੨) ਤੇ ਆਧਾਰਤ ਸੀ, ਅਰਥਾਤ ਜਿਸ ਜਗਿਆਸੂ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੋਵੇ, ਉਸ ਨੂੰ ਆਪਣਾ ਸਿਰ ਤਲੀ ਤੇ ਰੱਖ ਕੇ ਮੁਰਸ਼ਦ ਦੀ ਗਲੀ ਵਿੱਚ ਆਉਣਾ ਪਵੇਗਾ। ਦੂਸਰੇ ਸ਼ਬਦਾਂ ਵਿੱਚ ਉਸ ਨੂੰ ਆਪਣੀ ਖੁਦਦਾਰੀ ਤਿਆਗ ਕੇ, ਸੀਸ ਨੂੰ ਪੈਰਾਂ ਤੇ ਨਿਵਾਉਣਾ ਪਵੇਗਾ।

ਭਾਈ ਗੁਰਦਾਸ ਜੀ ਨੇ ਇਸ ਗੁਰ-ਰੀਤ ਨੂੰ ਆਪਣੇ ਸ਼ਬਦਾਂ ਵਿੱਚ ਇਉਂ ਆਖਿਆ ਹੈ :

ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗਿ ਵਰਤਾਇਆ। ਅਤੇ

ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸ ਨਿਵਾਇਆ। (ਵਾਰ ੧, ਪਉੜੀ ੨੩)

ਹਰੇਕ ਪੁਰਸ਼ ਦੇ ਪੈਰ ਏਨੇ ਪਵਿੱਤਰ ਤੇ ਯੋਗ ਨਹੀਂ ਹੁੰਦੇ ਕਿ ਉਨ੍ਹਾਂ ਤੇ ਝੁਕਿਆਂ ਕੁੱਛ ਪੱਲੇ ਪਵੇ। ਹਉਮੈ ਦਾ ਗ੍ਰਸਿਆ ਬੰਦਾ ਕਿਸੇ ਦੀ ਭੁੱਲ ਨੂੰ ਖਿਮਾ ਕਰਨ ਲਈ ਜ਼ਬਰਦਸਤੀ ਪੈਰਾਂ ਤੇ ਝੁਕਾਉਣਾ ਚਾਹੁੰਦਾ ਹੈ। ਇਹ ਮੁਆਫੀ ਨਹੀਂ, ਹਉਮੈ ਨੂੰ ਪੱਠੇ ਪਾਉਣ ਦੀ ਕ੍ਰਿਆ ਹੈ। ਬੇਰਾਂ ਨਾਲ ਲੱਦੀ ਬੇਰੀ ਝੁੱਕ ਜਾਂਦੀ ਹੈ। "ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।। (ਆਸਾ ਦੀ ਵਾਰ) ਪਰ ਨਾਮ ਦੀ ਕਣੀ ਵਾਲੇ ਪੁਰਸ਼ਾਂ ਦੀ ਲੀਲ੍ਹਾ ਹੀ ਨਿਰਾਲੀ ਹੈ। ਉਨ੍ਹਾਂ ਦਾ ਸਾਰਾ ਵਜੂਦ, ਪਵਿੱਤਰਤਾ ਤੇ ਨਿਮਰਤਾਂ ਦਾ ਮੁਜੱਸਮਾ ਹੁੰਦਾ ਹੈ ਤੇ ਪਰਮਾਤਮਾ ਵਲੋਂ ਉਨ੍ਹਾਂ ਨੂੰ ਨੀਚਹੁ ਊਚ ਕਰਨ ਵਾਲੀ ਬਖਸ਼ਸ਼ ਪ੍ਰਾਪਤ ਹੁੰਦੀ ਹੈ।

ਭਾਈ ਨੰਦ ਲਾਲ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਵਡਿਆਈ ਬਾਰੇ ਆਪਣੀ ਅਕੀਦਤ ਇਨ੍ਹਾਂ ਸ਼ਬਦਾਂ ਦੁਆਰਾ ਕੀਤੀ :

(ੳ) ਲਾ ਮਕਾਂ ਪਾਬੋਸ ਗੁਰ ਗੋਬਿੰਦ ਸਿੰਘ।।੧੨੧।।

(ਬੈਕੁੰਠ ਵੀ ਉਨ੍ਹਾਂ ਦੇ ਚਰਨ ਚੁੰਮਦਾ ਹੈ)

(ਅ) ਖਾਕ ਬੋਸਿ ਪਾਏ ਗੁਰ ਗੋਬਿੰਦ ਸਿੰਘ।। ੧੩੪।।

ਮੁਕਬਲ ਅਜ਼ ਆਲਾਏ ਗੁਰ ਗੋਬਿੰਦ ਸਿੰਘ।।

(ਤੌਸੀਫੋ ਸਨਾ)

(ਸਤਿਗੁਰੂ ਜੀ ਦੀ ਚਰਨ ਧੂੜੀ ਚੁੰਮਣ ਵਾਲੇ ਸਤਿਗੁਰੂ ਜੀ ਦੀਆਂ ਬਖਸ਼ਸ਼ਾਂ ਨਾਲ ਨਿਵਾਜੇ ਗਏ)

ਸਤਿਗੁਰੂ ਜੀ ਦੇ ਚਰਨ ਕਮਲਾਂ ਦੀ ਛੁਹ ਨੇ ਕਣ ਕਣ ਰੁਸ਼ਨਾ ਦਿੱਤਾ। ਜਿਸ ਧਰਤੀ ਨੂੰ ਪਰਸਨ ਦਾ ਸੁਭਾਗ ਪ੍ਰਾਪਤ ਹੋਇਆ, ਉਹ ਪੂਜਣ ਯੋਗ ਹੋ ਗਈ, ਜਿਸ ਧੂੜੀ ਨੂੰ ਚਰਨਾਂ ਦੀ ਛੁਹ ਮਿਲੀ, ਉਹ ਮਸਤਕ ਤੇ ਲਾਉਣ ਯੋਗ ਬਣ ਗਈ।

ਗੁਰ ਪਦਵੀ ਦੀ ਪ੍ਰਾਪਤੀ ਤੋਂ ਪਹਿਲਾਂ ਵੀ ਗੁਰੂ



www.AKJ.Org

ਅਮਰਦਾਸ ਜੀ ਦੇ ਪਾਵਨ ਚਰਨ ਭਵਿੱਖ ਦਾ ਸ਼ੀਸ਼ਾ ਸਨ। ਗੁਰ ਇਤਿਹਾਸ ਅਨੁਸਾਰ ਇੱਕ ਬ੍ਰਹਮਚਾਰੀ ਨੇ ਹਜ਼ੂਰ ਦੇਂ ਚਰਨਾਂ ਵਿੱਚ ਪਦਮ ਦਾ ਨਿਸ਼ਾਨ ਤੱਕ ਕੇ ਮਹਾਨ ਹਸਤੀ ਬਣਨ ਦੀ ਭਵਿੱਖਬਾਣੀ ਕੀਤੀ ਸੀ। ਭੱਟਾਂ ਦੇ ਕਥਨ ਅਨੁਸਾਰ ਆਪ ਜੀ ਦੇ ਹੱਥਾਂ ਵਿੱਚ ਪਦਮ ਸੀ।

ਬਾਰਿਜੁ ਕਰਿ ਦਾਹਿਣੈ, ਸਿਧਿ ਸਨਮੁਖੁ ਜੋਵੈ।।
ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ।।

(ਪੰਨਾ ੧੩੯੪)

ਜਿਵੇਂ ਭੌਰੇ ਕਮਲ ਫੁੱਲ ਦੀ ਖੁਸ਼ਬੂ ਤੇ ਮੋਹਿਤ ਹੋ ਕੇ ਨਿਵਾਸ ਕਰਦੇ ਹਨ, ਤਿਵੇਂ ਸਤਿਗੁਰੂ ਜੀ ਦੇ ਪਾਵਨ ਚਰਨ ਪਰਸਣ ਲਈ ਸੰਗਤ ਉਮਡ ਉਮਡ ਕੇ ਆਉਂਦੀ ਸੀ। ਇਉਂ ਗੁਰਦੇਵ ਜੀ ਦੇ ਚਰਨਾਂ ਨੂੰ ਚਰਨ ਕਮਲਾਂ ਨਾਲ ਸਨਮਾਨਤ ਕਰਨਾ ਆਪ ਜੈਸੀ ਸ਼ਖਸੀਅਤ ਨੂੰ ਹੀ ਸ਼ੋਭਦਾ ਹੈ। ਗੁਰ ਫੁਰਮਾਨ ਹੈ -

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ,
ਅਨਦਿਨੋ ਮੋਹਿ ਆਹੀ ਪਿਆਸਾ।।

(ਧਨਾਸਰੀ ਮ: ੧, ਪੰਨਾ ੬੬੩)

ਗੁਰੂ ਘਰ ਅੰਦਰ ਜਿਹੜਾ ਮਾਣ ਪੰਜਾਂ ਤੱਤਾਂ ਵਿਚੋਂ ਜਲ ਨੂੰ ਮਿਲਿਆ ਹੈ, ਉਸ ਦੀ ਆਭਾ ਹੀ ਵੱਖਰੀ ਹੈ। ਸੰਸਾਰ ਵਿੱਚ ਇਸ ਤੋਂ ਵੱਧ ਉੱਚੀ ਪਦਵੀ ਕਿਹੜੀ ਹੋ ਸਕਦੀ ਹੈ ਕਿ ਗੁਰਚਰਨਾਂ ਦੀ ਛੁਹ ਸਦਕੇ ਸਾਧਾਰਨ ਜਲ ਚਰਣਾਮ੍ਰਿਤ ਵਿਚ ਬਦਲ ਗਿਆ। ਭਾਈ ਗੁਰਦਾਸ ਜੀ ਦੇ ਬਚਨ ਹਨ:-

ਚਰਨ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ। (ਵਾਰ ੧/੨੩)

ਇਹ ਚਰਣਾਮ੍ਰਿਤਾ ਗੁਰਸਿਖੀ ਦੀ ਦੀਖਿਆ ਲਈ ਰਸਮ ਸੀ, ਗੁਰਮੰਤਰ ਦੀ ਦਾਤ ਪ੍ਰਾਪਤ ਕਰਨ ਲਈ ਗੁਰਮਤਿ ਮਰਯਾਦਾ ਸੀ ਤੇ ਭਵਸਾਗਰ ਤੋਂ ਪਾਰ ਹੋਣ ਲਈ ਬੇੜੇ ਦੇ ਚੜ੍ਹਨ ਦੀ ਟਿਕਟ ਸੀ । ਸਤਿਗੁਰੂ ਜੀ ਦੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਨ ਦੀਆਂ ਬਰਕਤਾਂ ਬਾਰੇ ਗੁਰਫੁਰਮਾਨ ਹੈ:-

ਬਿਹਾਗੜਾ ਮਹਲਾ ੫।।
ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ।।
ਕਰਿ ਮਜਨੁ ਹਰ ਸਰੇ ਸਭਿ ਕਿਲਬਿਖ ਨਾਸੁ ਮਨਾ।।

(ਪੰਨਾ ੫੪੪-੪੫)

ਹਰੀ ਦੇ ਸਰੋਵਰ ਵਿੱਚ ਅੰਤਰ ਗਤਿ ਇਸ਼ਨਾਨ ਕਰਨ ਤੇ ਸਭ ਕਿਲਬਿਖ ਪਾਪ ਲਹਿ ਜਾਂਦੇ ਹਨ । ਇਸ ਦੇ ਨਾਲ ਹੀ ਨਿਰਗੁਣ ਪਰਮਾਤਮਾ ਵਿੱਚ ਅਭੇਤਦਾ ਲਈ ਇਸ ਤੋਂ ਵੱਧ ਹੋਰ ਕੋਈ ਰਹੁ ਰੀਤੀ ਨਹੀਂ। ਭਾਈ ਗੁਰਦਾਸ ਜੀ ਕਲਮ ਬੰਦ ਕਰਦੇ ਹਨ :-

ਗੁਰ ਭਾਈ ਸੰਤੁਸਟਿ ਕਰਿ
ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।।
ਪੈਰੀ ਪਵਣੁ ਨ ਛੋਡੀਐ
ਕਲੀ ਕਾਲਿ ਰਹਰਾਸਿ ਕਰੇਹੀ।।

(ਵਾਰ ੧-ਪਉੜੀ ੩)

1699 ਦੀ ਵੈਸਾਖੀ ਵਾਲੇ ਦਿਨ ਗੁਰਦੀਖਿਆ ਦੇਣ ਸਮੇਂ ਚਰਨਾਮ੍ਰਿਤ ਦੀ ਪਰੰਪਰਾ ਨੇ ਇੱਕ ਅਨੋਖਾ ਤੇ ਇਤਿਹਾਸਕ ਰੂਪ ਧਾਰਨ ਕੀਤਾ। ਦਸ਼ਮੇਸ਼ ਪਿਤਾ ਜੀ ਨੇ "ਵਾਹਿਗੁਰੂ ਗੁਰਮੰਤਰ ਹੈ ਜਪਿ ਹਉਮੈ ਖੋਈ" ਨੂੰ ਪੂਰਨ ਸਤਿਕਾਰ ਦਿੰਦਿਆਂ ਗੁਰਮੰਤਰ ਨਹੀਂ ਬਦਲਿਆ, ਪ੍ਰੰਤੂ ਚਰਨਾਮ੍ਰਿਤ ਦੇਣ ਦੀ ਪਰੰਪਰਾ ਨੂੰ ਕਰਕੀ ਖਤਮ ਕਰਕੇ ਨਵੀਨ ਪਰੰਪਰਾ ਖੰਡੇ ਬਾਟੇ ਦੀ ਪਾਹੁਲ ਆਰੰਭ ਕੀਤੀ।

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।।

(ਭਾਈ ਗੁਰਦਾਸ ਸਿੰਘ)

ਕਿਹਨਾਂ ਤੱਤਾਂ ਨੂੰ ਮੁੱਖ ਰੱਖਦਿਆਂ ਗੁਰਦੇਵ ਜੀ ਨੇ ਇਨਕਲਾਬੀ ਰਸਮ ਚਾਲੂ ਕੀਤੀ, ਦਸਮੇਸ਼ ਪਿਤਾ ਆਪ ਹੀ ਜਾਣਦੇ ਸਨ, ਪਰ ਇਹ ਸਚਾਈ ਹੈ ਕਿ ਵਿਗਿਆਨਕ ਪੱਖ ਤੋਂ ਸੰਪੂਰਨ ਵਿਧੀ ਦੀ ਰੂਪ ਰੇਖਾ ਦਾ ਅਜਿਹਾ ਚਿਤ੍ਰ ਕੇਵਲ ਆਪ ਜੀ ਦੇ ਹੀ ਰੌਸ਼ਨ ਦਿਮਾਗ ਅੰਦਰ ਉਲੀਕਿਆ ਹੋਇਆ ਸੀ।

ਇਸ ਵਿੱਚ ਅੱਤਕਥਨੀ ਨਹੀਂ ਕਿ ਬਦਨਸੀਬ ਭਾਰਤਵਰਸ਼ ਦੇ ਸੁੱਤੇ ਭਾਗ ਜਗਾਉਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ ਸੀ। ਇਸ ਦੀ ਕਿਸਮਤ ਦੀ ਬਾਗ ਡੋਰ ਕੇਵਲ ਮੁਗਲ ਹਕੂਮਤ ਦੇ ਹੱਥ ਸੀ। ਹਿੰਦ ਦੀ ਧਰਤੀ ਦੀ ਪੁਕਾਰ ਅਨਸੁਣੀ ਰਹੀ। ਇਸ ਦਾ ਆਸਾ-ਭਰੋਸਾ ਐਸੇ ਇਨਕਲਾਬੀ ਸੂਰਮੇ ਤੇ ਸੀ ਜਿਹੜਾ ਨਾ ਕੇਵਲ ਆਪ ਅਣਖ ਦਾ ਪੁਤਲਾ ਸੂਰਬੀਰ, ਵਰਿਆਮ ਜੋਧਾ ਹੋਵੇ ਬਲਕਿ ਨਿਤਾਣੀ, ਲਿਤਾੜੀ ਬੁਜ਼ਦਿਲ ਗੁਲਾਮ ਕੌਮ ਨੂੰ ਨਿਰਭੈਤਾ, ਦਲੇਰੀ ਦੇ ਬੀਰ-ਰਸ ਦਾ ਜਾਮ ਪਿਲਾਉਣ ਦੀ ਸਮੱਰਥਾ ਰੱਖਦਾ ਹੋਵੇ। ਅਕਾਲ ਪੁਰਖ ਨੇ ਹਜ਼ੂਰ ਨੂੰ ਹਰੇਕ ਪੱਖੋਂ ਯੋਗ ਜਾਣ ਕੇ ਹੀ ਇਸ ਸੰਸਾਰ ਵਿੱਚ ਭੇਜਿਆ ਸੀ।

ਆਪ ਜੀ ਦੀ ਗਤੀਸ਼ੀਲ ਸ਼ਖਸੀਅਤ ਦੇ ਵਧੀਕ ਉੱਭਰਦੇ ਪੱਖ ਚੜ੍ਹਦੀ ਕਲਾ, ਅੰਗ ਅੰਗ ਵਿੱਚ ਪਾਵਨ



www.AKJ.Org

ਨਿੱਚਲਾਪਨ, ਨਿਰਮਲਤਾ, ਸ਼ਕਤੀ, ਦ੍ਰਿੜ੍ਹਤਾ ਤੇ ਜੀਅ ਦਾਨ ਭਰੀ ਕ੍ਰਾਂਤੀ ਆਦਿਕ ਸਨ ਜਿਨ੍ਹਾਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੁਆਰਾ ਮੁਰਦਿਆਂ ਨੂੰ ਜਿਵਾਇਆ, ਮਿਰਤਕਾਂ ਦੇ ਤਨ ਵਿਚ ਨਵਾਂ ਸਾਹ ਪਾਇਆ, ਬੁਜ਼ਦਿਲਾਂ ਨੂੰ ਸ਼ੇਰਾਂ ਵਿਚ ਬਦਲਿਆ ਤੇ ਗੁਲਾਮੀ ਜ਼ਹਿਨੀਅਤ ਵਿਚ ਰਾਜ ਕਰਨ ਦੀ ਆਸ਼ਾ ਦਾ ਦੀਵਾ ਜਗਾਇਆ।

ਚਰਨ ਕਮਲ ਦੀ ਪਾਹੁਲ ਨੇ ਹਉਮੈ ਤਿਆਗਣ ਤੇ ਨਿਮਰਤਾ ਗ੍ਰਹਿਣ ਕਰਨ ਦੀ ਦਾਤ ਬਖਸ਼ੀ, ਉੱਚੇ ਹੰਕਾਰੀ ਸਿਰ ਨੂੰ ਨੀਵੇਂ ਚਰਨਾਂ ਤੇ ਝੁਕਾ ਕੇ ਨਉ ਨਿਧਿ ਨਾਮ ਗਰੀਬੀ ਦੀ ਬਖਸ਼ਸ਼ ਝੋਲੀ ਵਿਚ ਪਾਈ, ਪਰਉਪਕਾਰ ਲਈ ਤਨ, ਮਨ, ਧੰਨ ਨਿਛਾਵਰ ਕਰਨ ਦੇ ਗੁਣ ਭਰੇ, ਸ਼ਾਂਤ ਸਹਜ ਅਵਸਥਾ ਵਿਚ ਵਿਚਰਦਿਆਂ ਨਾਮ ਰਸ ਚੱਖਣ ਲਈ ਦਿੱਤਾ।

ਸ਼ਾਂਤੀ ਦੇ ਅਵਤਾਰ ਗੁਰੂਆਂ ਨੇ ਮਾਣ ਹੁੰਦਿਆਂ ਨਿਮਾਣੇ ਬਣ ਕੇ ਰਹਿਣ ਦਾ ਨਮੂਨਾ ਪੇਸ਼ ਕੀਤਾ, ਭਾਣਾ ਮੰਨਣ ਦਾ ਗੁਰੂ ਨਾਨਕ ਜੀ ਦੀ ਦਸਵੀ ਜੋਤਿ ਨੇ ਨਿਰਣਾ ਕੀਤਾ ਹੋਇਆ ਸੀ ਕਿ ਦੇਹ-ਧਾਰੀ ਗੁਰੂਆਂ ਦੀ ਪਰੰਪਰਾ ਖਤਮ ਕਰਕੇ ਸ਼ਬਦ-ਗੁਰੂ ਨੂੰ ਜੁਗੋ ਜੁਗ ਅਟੱਲ, ਸਦੀਵੀ ਗੁਰ ਗੱਦੀ ਦੇਣੀ ਹੈ, ਸੋ ਅੰਮ੍ਰਿਤ ਵੀ ਇਸ ਵਿਧੀ ਨਾਲ ਤਿਆਰ ਕੀਤਾ ਜਾਵੇ ਕਿ ਕੋਈ ਇਕੱਲਾ ਮਹਾਂ ਪੁਰਸ਼, ਚਾਹੇ ਕਿੰਨੀ ਵੀ ਭਗਤੀ ਤੇ ਸ਼ਕਤੀ ਦਾ ਮਾਲਕ ਹੋਵੇ, ਗੁਰਮੰਤਰ ਦੇ ਕੇ ਗੁਰੂ ਡੰਮ ਦਾ ਸਿਲਸਿਲਾ ਨਾ ਚਲਾ ਸਕੇ। ਸਪੱਸ਼ਟ ਹੈ ਕਿ ਚਰਨਾਮ੍ਰਿਤ ਤਾਂ ਇਕੱਲਾ ਪੁਰਸ਼ ਵੀ ਤਿਆਰ ਕਰ ਸਕਦਾ ਹੈ ਤੇ ਭੋਲੀ ਭਾਲੀ ਸੰਗਤ ਨੂੰ ਗੁਮਰਾਹ ਕਰ ਸਕਦਾ ਹੈ ਪਰ ਖੰਡੇ ਦੇ ਅੰਮ੍ਰਿਤ ਲਈ ਪੰਜ ਨਾਮ ਅਭਿਆਸੀ ਸਿੰਘ ਤੇ ਇੱਕ ਹੋਰ ਪੂਰਨ ਗੁਰਸਿੱਖ ਦਾ ਹੋਣਾ ਜ਼ਰੂਰੀ ਹੈ, ਉਹ ਵੀ **ਸ੍ਰੀ ਗੁਰੂ ਗ੍ਰੰਥ** ਸਾਹਿਬ ਜੀ ਦੀ ਮੌਜੂਦਗੀ ਵਿੱਚ।

ਸ਼ਬਦ *'ਅੰਮ੍ਰਿਤ ਜਲ'* ਤਾਂ ਪਹਿਲਾਂ ਹੀ ਪ੍ਰਚਲਤ ਸੀ ਤੇ ਇਸ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਰ ਬਾਰ ਦ੍ਰਿੜਾਈ ਹੋਈ ਸੀ। ਗੁਰਦੇਵ ਜੀ ਨੇ ਸੁੱਚੇ ਜਲ ਵਿੱਚ ਪਤਾਸਿਆਂ ਦੀ ਮਿਠਾਸ ਭਰ ਕੇ ਨਾਮ-ਰਸ ਦੀ ਮਿੱਠਤ ਨੂੰ ਬਾਹਰਲਾ ਸਰੂਪ ਵੀ ਦਿੱਤਾ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਕੁਕਰਮਾਂ ਦੇ ਸੰਘਾਰਨ ਲਈ ਹਥਿਆਰਾਂ ਨੂੰ ਪਰਯੋਗ ਵਿੱਚ ਲਿਆਂਦਾ ਸੀ। ਇਹ ਸਨ, ਨਿੰਮਰਤਾ-ਸੁਭਾਉ ਗੁਰਜ ਤੇ ਸਭ ਦੀ ਚਰਨ-ਧੂੜ ਬਣੇ ਰਹਿਣ ਦਾ ਖੰਡਾ।

ਸੋਰਠਿ ਮਹਲਾ ੫॥
ਗਰੀਬੀ ਗਦਾ ਹਮਾਰੀ॥
ਖੰਨਾ ਸਗਲ ਰੇਣੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥
ਗੁਰ ਪੂਰੇ ਏਹ ਗਲ ਸਾਰੀ॥੧॥(ਪੰਨਾ ੬੨੮)

ਦਸ਼ਮੇਸ਼ ਪਿਤਾ ਨੇ ਖੰਡੇ ਦੀ ਗੁਪਤ ਸ਼ਕਤੀ ਨੂੰ ਇਸ ਵਿਧੀ ਨਾਲ ਪ੍ਰਗਟਾਇਆ ਕਿ ਇਸ ਦੀ ਮਹਿਮਾ ਸਗਲ ਬ੍ਰਹਮੰਡ ਵਿੱਚ ਉਜਾਗਰ ਹੋ ਗਈ। ਕਾਮਲ ਵੈਦ ਵਿੱਚ ਰੋਗ ਪਛਾਨਣ ਤੇ ਸਹੀ ਦੁਆਈ ਦੇਣ ਦੀ ਨਿਪੁੰਨਤਾ ਹੁੰਦੀ ਹੈ। ਆਪ ਜੀ ਦਾ, ਖੰਡੇ ਦਾ ਅੰਮ੍ਰਿਤ, ਉਹ ਸ੍ਰੇਸ਼ਟ ਔਸ਼ਧੀ ਹੈ ਜਿਸ ਵਿੱਚ ਸਮੁੱਚੀ ਇਨਸਾਨੀਅਤ ਵਿੱਚ ਕਾਇਆ ਕਲਪ ਕਰਨ ਵਾਲੇ ਤੇ ਨਵਜੀਵਨ ਪਰਦਾਨ ਕਰਨ ਵਾਲੇ ਸਾਰੇ ਗੁਣ ਮੌਜੂਦ ਹਨ। ਇਸ ਦੀ ਅਗੰਮੀ ਕਲਾ ਨੇ ਸਿੱਖਾਂ ਨੂੰ ਜੰਗਜੂ ਕੌਮ ਬਣਾਇਆ ਜਿਸ ਵਿੱਚ ਸੰਤ ਸਿਪਾਹੀਆਂ ਦੀ ਸੈਨਾ ਖੜ੍ਹੀ ਕਰ ਦਿੱਤੀ। ਮੁਗਲ ਹਕੂਮਤ ਨੂੰ ਜੜ੍ਹ ਤੋਂ ਉਖਾੜਨ ਬਾਅਦ ਸਬਕ ਪੜ੍ਹਾਇਆ, ਸ਼ਹਿਨਸ਼ੀਲਤਾ ਦੀ ਤਾਂ ਹੱਦ ਮੁਕਾ ਦਿੱਤੀ, ਨਿਸ਼ਕਾਮ ਕੁਰਬਾਨੀ ਦੀ ਜਾਂਚ, ਅਮਲੀ ਰੂਪ ਵਿੱਚ ਸਿਖਾਲੀ। ਦੋ ਗੁਰੂ ਵਿਅਕਤੀਆਂ ਦੀਆਂ ਮਹਾਨ ਸ਼ਹਾਦਤਾਂ ਹੋਈਆਂ, ਗੁਰ ਸਿੱਖਾਂ ਨੇ ਵੀ ਹੱਸ ਹੱਸ ਕੇ ਜਾਨਾਂ ਵਾਰੀਆਂ ਪਰ ਨਿਰਦਈ ਹਾਕਮਾਂ ਦੀ ਪੱਥਰ ਆਤਮਾ ਮੂਲੋਂ ਨਹੀਂ ਦ੍ਰਵੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਇਕ ਤਕੜੀ ਚੁਨੌਤੀ ਸੀ। ਚੱਟਾਨ ਨਾਲ ਟਕਰਾਉ ਹੋਣਾ ਸੀ, ਜ਼ੁਲਮ ਦੀ ਨਦੀ ਨੂੰ ਠੱਲ੍ਹ ਪਾਉਣੀ ਸੀ। ਬਾੜ ਨੂੰ ਖੇਤ ਖਾਣ ਤੋਂ ਰੋਕਣਾ ਸੀ ਤੇ ਬਾਜ਼ਾਂ ਨਾਲ ਲੜਾਉਣ ਲਈ ਚਿੜੀਆਂ ਵਿੱਚ ਸ਼ਕਤੀਸ਼ਾਲੀ ਫੌਲਾਦੀ ਸਪਿਰਟ ਦਾ ਇੰਜੈਕਸ਼ਨ ਲਾਉਣਾ ਸੀ।

ਦਸ਼ਮੇਸ਼ ਪਿਤਾ ਜੀ ਨੇ ਕਿੰਨਾ ਕੁੱਝ ਤੌਕਿਆ ਤੇ ਵਿਚਾਰਿਆ ਹੋਵੇਗਾ, ਬਾਬਾ ਫਰੀਦ ਜੀ ਦੇ ਬਚਨ-

ਫਰੀਦਾ ਜੋ ਤੈ ਮਾਰਨਿ ਮੁਕੀਆਂ
ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ
ਪੈਰ ਤਿਨਾ ਦੇ ਚੁੰਮਿ॥੭॥ (ਪੰਨਾ ੧੩੭੮)

ਦੀ ਅੱਤ ਜ਼ੁਲਮ ਦੇ ਮਾਹੌਲ ਵਿਚ ਪਾਲਣਾ ਕਰ ਕੇ ਵੀ ਦੇਖ ਲਈ ਸੀ। ਪਾਪ ਖੰਡਣ ਦੀ ਜੁਗਤੀ ਨਾਲ ਪਾਪੀ ਦਾ ਪਾਪ ਘਟਿਆ ਨਹੀਂ ਸੀ, ਹੁਣ ਪਾਪੀਆਂ ਤੇ ਦੁਸ਼ਟਾਂ ਨੂੰ ਸੰਘਾਰਨਾ, ਵਕਤ ਦੀ ਆਵਾਜ਼ ਸੀ। ਉਹ ਅਹਿੰਸਾ ਕਿਸ ਲੇਖੇ ਜਿਸ ਨਾਲ ਆਪਣੀ ਹਿੰਸਾ ਹੁੰਦੀ ਹੋਵੇ। ਹਿੰਸਾ ਨੂੰ ਖਤਮ ਕਰਨ ਲਈ ਹਿੰਸਾ ਦਾ ਪਰਯੋਗ ਕਰਨਾ ਆਵੱਸ਼ਕ ਸੀ। ਸਭ ਬਿਮਾਰੀਆਂ ਦੀ ਜੜ੍ਹ, ਭੈ ਤੇ ਨਿਰਬਲਤਾ ਨੂੰ


www.AKJ.Org

ਹਿਰਦੇ ਵਿਚੋਂ ਬਾਹਰ ਕੱਢਣਾ ਸਹੀ ਇਲਾਜ ਸੀ।

ਮਹਾਨ ਕ੍ਰਾਂਤੀਕਾਰ ਕਲਗੀਧਰ ਪਾਤਸ਼ਾਹ ਨੇ ਅਧਿਆਤਮਕ, ਮਾਨਸਕ ਤੇ ਸਰੀਰਕ ਖੇਤਰ ਵਿੱਚ ਚ੍ਰਕ੍ਰਿਤ ਭਰਿਆ ਇਨਕਲਾਬ ਲਿਆਂਦਾ। ਚੜ੍ਹਦੀ ਕਲਾ ਦਾ ਮੀਂਹ ਵਰਸਾਉਣ ਵਾਲਾ ਖੰਡੇ ਦਾ ਅੰਮ੍ਰਿਤ ਆਪਣੇ ਹੱਸਤ ਕਮਲਾਂ ਨਾਲ ਤਿਆਰ ਕੀਤਾ, ਗੁਰਸਿੱਖ ਤੋਂ ਖਾਲਸਾ ਬਣਾਇਆ, ਦੁਨਿਆਵੀ ਰਿਸ਼ਤਿਆਂ ਦਾ ਭਰਮ ਜਾਲ ਤੋੜ ਕੇ ਗੁਰ ਚੇਲ਼ੇ ਦਾ, ਪਿਉ-ਪੁੱਤਰ ਦਾ ਸੱਚਾ ਰਿਸ਼ਤਾ ਕਾਇਮ ਕੀਤਾ। ਜੋ ਚਿੜੀਆਂ ਨੇ ਅੰਮ੍ਰਿਤ ਦਾ ਘੁੱਟ ਪੀਤਾ ਤਾਂ ਉਨ੍ਹਾਂ ਦੇ ਸਰੀਰ ਵਿੱਚ ਬਾਜਾਂ ਤੇ ਟੁੱਟ ਪੈਣ ਦੀ ਸ਼ਕਤੀ ਉਤਪੰਨ ਹੋ ਗਈ। ਸੰਗਤਾਂ ਨੇ ਇਹੋ ਜਿਹੀਆਂ ਘਟਨਾਵਾਂ ਆਪਣੀਆਂ ਅੱਖਾਂ ਨਾਲ ਤੱਕੀਆਂ। ਅੰਗਰੇਜ਼ੀ ਰਾਜ ਦਾ ਤਖਤਾ ਪਲਟਣ ਵਿੱਚ ਸਿੱਖ ਕੌਮ ਨੇ ਜਿਹੜੀ ਬਹਾਦਰੀ ਦਾ ਪ੍ਰਗਟਾਵਾ ਕੀਤਾ ਤੇ ਕੁਰਬਾਨੀ ਕੀਤੀ, ਉਹ ਆਪਣੇ ਆਪ ਵਿੱਚ ਬੇਮਿਸਾਲ ਹੈ।

ਇਸ ਅਲੌਕਿਕ ਪਰੰਪਰਾ ਤੋਂ ਪਹਿਲਾਂ ਸਤਿਗੁਰੂ ਜੀ ਦੇ ਚਰਨ ਕਮਲਾਂ ਦੀ ਛੁਹ ਦੁਆਰਾ ਜਲ ਤੋਂ ਅੰਮ੍ਰਿਤ ਜਲ ਤਿਆਰ ਹੁੰਦਾ ਸੀ। ਖੰਡੇਧਾਰ ਪਾਹੁਲ ਵਿੱਚ ਮੁੱਖ ਅੰਸ਼ ਬਾਣੀ ਦਾ ਸਪਰਸ਼ ਹੈ। ਨਾਮ-ਰਸ ਦਾ ਸੰਚਾਰ ਹੈ। ਪੰਜਾਂ ਪਿਆਰਿਆਂ ਦੇ ਦਸਾਂ ਹੱਥਾਂ ਦੀ ਛੁਹ ਵਿੱਚ ਕਲਗੀਧਰ ਪਾਤਸ਼ਾਹ ਦੀ ਨਿੱਜੀ ਬਖਸ਼ਸ਼ ਤੇ ਕਰਾਮਾਤ ਛੁਪੀ ਹੋਈ ਹੈ। ਖੰਡੇ ਬਾਟੇ ਦੀ ਆਪਸੀ ਰਗੜ ਤੋਂ ਆਤਮਕ ਬਿਜਲੀ ਦੀ ਜਿਹੜੀ ਰੌ ਉਤਪੰਨ ਹੁੰਦੀ ਹੈ ਉਹ ਜੀਵ ਦੀ ਪੁਰਾਣੀ ਜਿੰਦਗੀ ਦੇ ਪ੍ਰਭਾਵ ਨੂੰ ਖਤਮ ਕਰਕੇ ਅਬਿਚਲ ਨਗਰ ਦਾ ਵਾਸੀ ਬਣਾਉਂਦੀ ਹੈ।

ਦੋ ਧਾਰਾ ਖੰਡਾਂ ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਹਥਿਆਰ ਹੈ। ਇਹ ਅਕਾਲ ਪੁਰਖ ਦੀ ਸਰਬ ਸ਼ਕਤੀਮਾਨ ਹਸਤੀ ਦਾ ਸੂਚਕ ਹੈ। ਗੁਰਦੇਵ ਜੀ ਨੇ ਚੰਡੀ ਦੀ ਵਾਰ ਦੀ ਅਰੰਭਤਾ "ਖੰਡਾ ਪ੍ਰਿਥਮੈ ਸਾਜ ਕੈ ਜਿਨਿ ਸਭ ਸੰਸਾਰ ਉਪਾਇਆ" ਨਾਲ ਕੀਤੀ ਹੈ। ਕਾਇਰਤਾ ਨੂੰ ਹੂੰਝ ਕੇ ਮਨ ਵਿਚੋਂ ਕੱਢਣ ਤੇ ਬੀਰ ਰਸ ਭੁੰਚਣ ਲਈ ਇਸ ਦੇ ਪਾਠ ਕਰਨ ਦੀ ਰਵਾਇਤ ਗੁਰਸਿੱਖਾਂ ਵਿੱਚ ਹੈ।

ਇਹ ਕਲਗੀਧਰ ਪਾਤਸ਼ਾਹ ਦੀ ਮਹਾਨ ਸਖਸ਼ੀਅਤ ਦਾ ਪ੍ਰਭਾਵ ਸੀ, ਨਦਰਿ ਰਹਿਮਤ ਸੀ, ਖੰਡੇ ਦੇ ਅੰਮ੍ਰਿਤ ਦੀ ਜਾਦੂਮਈ ਸ਼ਕਤੀ ਸੀ, ਗੁਰਉਪਦੇਸ਼ ਦੀ ਜ਼ਾਹਰਾ ਕਲਾ ਸੀ ਜਾਂ ਇਲਾਹੀ ਫੁਰਮਾਨ ਸੀ, ਜਾਂ ਸਭ ਕੁਝ ਸੀ ਕਿ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਥਾਪੜਾ ਪ੍ਰਾਪਤ ਕਰਕੇ ਪੰਜਾਬ ਵਿੱਚ ਮੁਗਲ ਸੈਨਾ ਵਿੱਚ ਉਹ ਤਰਥੱਲੀ ਮਚਾਈ ਕਿ ਇਸ ਸੂਰਮੇ ਜਰਨੈਲ ਦਾ ਨਾਉ "ਆਫਤੇ ਆਸਮਾਨੀ" ਅਰਥਾਤ '*ਰੱਬੀ ਕਹਿਰ*' ਪੈ ਗਿਆ।

ਅੰਤ ਵਿੱਚ ਇਹ ਕਹਿਣਾ ਵੀ ਵਾਜਬ ਹੈ ਕਿ ਮੁਗਲ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਜਿੰਨੀਆਂ ਵੀ ਹਕੂਮਤਾਂ ਆਈਆ ਉਹ ਸਾਰੀਆਂ, ਅੰਮ੍ਰਿਤ ਦੀ ਸ਼ਕਤੀ ਤੇ ਇਸ ਤੋਂ ਉਪਜੀ ਦ੍ਰਿੜ੍ਹਤਾ, ਇਰਾਦਾ ਸ਼ਕਤੀ ਤੇ ਨਿਰਭੈਤਾ ਨੂੰ ਮਾਨਤਾ ਦਿੰਦੀਆਂ ਆਈਆਂ ਹਨ। ਉਹ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਵੀਕਾਰ ਕਰਦੀਆਂ ਆਈਆਂ ਹਨ ਕਿ ਜਿਸ ਕਾਰਜ ਵਿੱਚ ਦੁਸ਼ਟ ਸੋਧਣ ਦਾ ਅੰਸ਼ ਹੋਵੇ, ਗੁਰ ਅਸਥਾਨ ਦੀ ਬੇਅਦਬੀ ਦਾ ਪ੍ਰਸ਼ਨ ਹੋਵੇ, ਅਨਾਥਾਂ ਦੇ ਨਾਥ ਬਣ ਕੇ ਬਾਂਹ ਪਕੜਨ ਦਾ ਸਵਾਲ ਹੋਵੇ ਜਾਂ ਅਣਖ ਭਰੀ ਜਿੱਤ ਪ੍ਰਾਪਤ ਕਰਨ ਦੀ ਸਮੱਸਿਆ ਹੋਵੇ ਤੇ ਉਸ ਦਾ ਹਲ ਕਰਨ ਤੇ ਅਸੰਭਵ ਜਾਪਦਾ ਹੋਵੇ, ਉੱਥੇ ਖੰਡੇਧਾਰ ਅੰਮ੍ਰਿਤ ਪਾਨ ਕਰਨ ਵਾਲੇ ਗੁਰਸਿੱਖਾਂ ਦੀ ਅਰਦਾਸ, ਜੁਗਤਿ ਤੇ ਹਿੰਮਤ ਬਦੌਲਤ, ਸਫਲਤਾ ਆਪ ਆ ਕੇ ਚਰਨ ਚੁੰਮਦੀ ਹੈ। □□□□□

## ਦਸਮੇਸ਼ ਪਿਤਾ ਤੈਨੂੰ ਖਾਲਸਾ ਹੈ ਸਾਜਿਆ

(ਬੀਬੀ ਨਰਿੰਦਰ ਕੌਰ, ਗੁਰਦਾਸਪੁਰ)

ਦਸਮੇਸ਼ ਪਿਤਾ ਤੈਨੂੰ, ਖਾਲਸਾ ਹੈ ਸਾਜਿਆ।
ਪੜ੍ਹ ਇਤਿਹਾਸ ਤੈਨੂੰ, ਕਿਤਨਾ ਹੈ ਨਿਵਾਜਿਆ।
ਗਿੱਦੜਾਂ ਤੋਂ ਸ਼ੇਰ ਹੈ ਬਣਾਇਆ ਤੈਨੂੰ ਖਾਲਸਾ।
ਜ਼ੁਲਮ ਦੇ ਵਿਰੁੱਧ ਹੈ ਲੜਾਇਆ ਤੈਨੂੰ ਖਾਲਸਾ।
ਅੰਮ੍ਰਿਤ ਛਕਾ ਕੇ ਜਾਤ ਪਾਤ ਨੂੰ ਮਿਟਾਇਆ ਸੀ।
ਸੁੱਤੀ ਹੋਈ ਕੌਮ ਨੂੰ, ਗੁਰੂ ਜੀ ਜਗਾਇਆ ਸੀ।
ਸਾਰੀ ਹੀ ਮਨੁੱਖਤਾ ਨੂੰ, ਸੀਨੇ ਨਾਲ ਲਾਇਆ ਸੀ।
ਜ਼ੁਲਮ ਦੀ ਹਨ੍ਹੇਰੀ ਨੂੰ, ਜੜ੍ਹਾਂ ਤੋਂ ਸੁਕਾਇਆ ਸੀ।
ਧਰਮ ਦੀ ਖਾਤਰ ਵਾਰ, ਸਭ ਪਰਿਵਾਰ ਦਿੱਤਾ।
ਹੀਰੇ ਜੈਸੇ ਬਾਲਾਂ ਨੂੰ, ਨੀਹਾਂ 'ਚ ਚਣਾ ਦਿੱਤਾ।
ਗੁਲਾਮ ਤੋਂ ਸਰਦਾਰ ਬਣਾਇਆ, ਤੈਨੂੰ ਖਾਲਸਾ।
ਸਿੱਖੀ ਦਾ ਪਹਿਰੇਦਾਰ, ਬਣਾਇਆ ਤੈਨੂੰ ਖਾਲਸਾ।
ਦਸਮੇਸ਼ ਪਿਤਾ ਤੈਨੂੰ ਖਾਲਸਾ ਹੈ ਸਾਜਿਆ।
ਪੜ੍ਹ ਇਤਿਹਾਸ ਤੈਨੂੰ, ਕਿਤਨਾ ਹੈ ਨਿਵਾਜਿਆ।


www.AKJ.Org

# ਗੁਰਸਿੱਖ

(ਭਾਈ ਹੀਰਾ ਸਿੰਘ)

ਗੁਰਸਿੱਖ ਉਹ ਹੈ ਜੋ ਸਤਿਗੁਰੂ ਸਾਹਿਬਾਨ ਦੀ ਪ੍ਰਚਾਰੀ ਗੁਰਮਤਿ ਨੂੰ ਵਿਚਾਰ ਨਾਲ ਪੜ੍ਹ ਸੁਣ ਤੇ ਸਿੱਖ ਕੇ ਸਾਰੇ ਫੋਕਟ ਕਰਮਾਂ ਦਾ ਤਿਆਗ ਕਰ ਦਿੰਦਾ ਹੈ ਅਤੇ ਦਸ਼ਮੇਸ਼ ਜੀ ਦੇ ਅੰਤਮ ਹੁਕਮ ਮੁਤਾਬਿਕ ਸ੍ਰੀ ਹਜ਼ੂਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋਜੁਗ ਅਟੱਲ ਸਤਿਗੁਰੂ ਮੰਨ ਕੇ ਸਤਿਗੁਰੂ ਜੀ ਦੇ ਦਰਬਾਰ ਅੰਦਰ ਪੰਜਾਂ ਪਿਆਰਿਆਂ ਰਾਹੀਂ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਸਿੱਖ ਧਰਮ ਦੀ ਪੰਜ ਕਕਾਰੀ ਰਹਿਤ ਧਾਰਨ ਕਰ ਲੈਂਦਾ ਹੈ, ਨਾਮ ਸਿਮਰਨ ਕਰਦਾ ਹੋਇਆ ਅਪਣਾ ਕਾਰੋਬਾਰ ਬੜੀ ਸੱਚਾਈ ਅਤੇ ਇਮਾਨਦਾਰੀ ਨਾਲ ਕਰਕੇ ਰੋਜ਼ੀ ਕਮਾਉਂਦਾ ਅਤੇ ਵੰਡ ਛਕਦਾ ਹੈ। ਸਤਿਗੁਰੂ ਸਾਹਿਬਾਨ ਨੇ ਆਪਣੇ ਸਿੱਖ ਦੀ ਵਡੇ ਸੁੰਦਰ ਸ਼ਬਦਾਂ ਵਿੱਚ ਗੁਰਬਾਣੀ ਅੰਦਰ ਤਸ਼ਰੀਹ ਕੀਤੀ ਹੈ।

(ੳ) ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸਿੱਖ ਝੂਠ ਨਹੀਂ ਬੋਲਦੇ, ਅਕਾਲੀ ਹੁਕਮ ਅੰਦਰ ਰਹਿੰਦੇ ਹਨ :- ਬੋਲਹਿ ਸਾਚੁ ਮਿਥਿਆ ਨਹੀ ਰਾਈ।। ਚਾਲਹਿ ਗੁਰਮੁਖਿ ਹੁਕਮਿ ਰਜਾਈ।। ਰਹਹਿ ਅਤੀਤ ਸਚੇ ਸਰਣਾਈ।।੧।।.... ਗੁਰਮਤਿ ਚਾਲ ਨਿਹਚਲ ਨਹੀ ਡੋਲੈ।। ਗੁਰਮਤਿ ਸਾਚਿ ਸਹਜਿ ਹਰਿ ਬੋਲੈ।। ਪੀਵੈ ਅੰਮ੍ਰਿਤੁ ਤਤੁ ਵਿਰੋਲੈ।।੩।। ਸਤਿਗੁਰੁ ਦੇਖਿਆ ਦੀਖਿਆ ਲੀਨੀ।। ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ।। ਗਤਿ ਮਿਤਿ ਪਾਈ ਆਤਮੁ ਚੀਨੀ।।੪।। (ਗਉੜੀ ਮ: ੧, ਪੰਨਾ ੨੨੭)

(ਅ) ਸਤਿਗੁਰੂ ਅਮਰਦਾਸ ਜੀ ਭੀ ਫੁਰਮਾਂਦੇ ਹਨ ਕਿ :-

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ।।
ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ।।
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ
ਫਿਰਿ ਫਿਰਿ ਪਛੋਤਾਵੈ।।੧।।

(ਸੋਰਠਿ ਮ: ੩, ਪੰਨਾ ੬੦੧)

(ੲ) ੧. ਸਤਿਗੁਰੂ ਰਾਮਦਾਸ ਜੀ ਨੇ ਗੁਰਸਿੱਖ ਵਾਰੇ ਇਸ ਤਰ੍ਹਾਂ ਲਿਖਿਆ ਹੈ ਕਿ :-ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ।। ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।। ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।। ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।। ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ।। ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।। ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।੨।। (ਗਉੜੀ ਕੀ ਵਾਰ ਮ: ੪, ਪੰਨਾ ੩੦੫)

੨. ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਾਇਆ।। ਧੰਨੁ ਧੰਨੁ ਸੋ ਗੁਰਸਿਖ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ।। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਾਇਆ।। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿਨਾਮੁ ਲਇਆ।। ਤਿਸੁ ਗੁਰਸਿਖੁ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰ-ਸਿਖੁ ਚਲਿਆ।।੧੮।। (ਵਡਹੰਸ ਕੀ ਵਾਰ ਮ:੪, ਪੰਨਾ ੫੯੩)

(ਸ) "ਗੁਰ ਕਾ ਸਿਖੁ ਬਿਕਾਰ ਤੇ ਹਾਟੈ", ਸਤਿਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਅੰਦਰ ੧੮ਵੀਂ ਅਸ਼ਟਪਦੀ ਅੰਦਰ ਸਤਿਗੁਰੂ ਦਾ ਸਿੱਖ ਦੀ ਸੰਭਾਲ ਕਰਨਾ ਅਤੇ ਗੁਰਸਿਖ ਦਾ ਗੁਰ ਉਪਦੇਸ਼ ਮੰਨਣ ਕਰਨ ਵਾਰੇ ਬੜਾ ਸੁੰਦਰ ਲਿਖਿਆ ਹੈ। ਜਿਸ ਗੁਰਸਿਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਉਹ "ਗੁਰ ਕਾ ਸਿਖੁ ਵਡਭਾਗੀ ਹੈ" ਵਡੇ ਭਾਗਾਂ ਵਾਲਾ ਹੈ।

(ਹ) ਸਤਿਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਉਂਦੇਂ ਹਨ ਕਿ :- ਜਾਗਤਿ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ। ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।। ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ।। ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ।।੧।। (ਤੇਤੀ ਸਵੈਯੇ, ਪਾ: ੧੦)

੧. ਸਤਿਗੁਰ ਦਾ ਸਿੱਖ ਨਾਮ ਸਿਮਰਨ ਕਰਦਾ ਹੋਇਆ ਪੂਰਨ ਖਾਲਸਾ ਬਣ ਜਾਂਦਾ ਹੈ। ਉਸਦੀ ਸੁਰਤਿ ਮਤਿ, ਮਨ ਅਤੇ ਬੁਧਿ ਉੱਜਲ ਹੋ ਜਾਂਦੇ ਹਨ। ਉਹ ਆਲਸ ਨੂੰ ਛੱਡ ਦਿੰਦਾ ਹੈ। "ਚੰਗਿਆਂਈ ਆਲਕੁ ਕਰੇ ਬੁਰਿਆਂਈ ਹੋਇ ਸੇਰੁ (ਗੂਜਰੀ ਕੀ ਵਾਰ, ਪੰਨਾ -੫੧੮) ਵਾਲੀ ਸੁਸਤ


www.AKJ.Org

ਅਵਸਥਾ ਵਿੱਚ ਨਹੀਂ ਰਹਿੰਦਾ ਬਲਕਿ :-

"ਸੰਤਸੰਗਿ ਮਿਲਿ ਹਰਿ ਹਰਿ ਜਪਿਆ
ਬਿਨਸੇ ਆਲਸ ਰੋਗਾ ਜੀਉ ।।"(ਮਾਝ ਮ: ੫, ਪੰਨਾ ੧੦੮)

ਖਾਲਸਾ ਸੰਗਤ ਵਿੱਚ ਜਾ ਕੇ ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਜੁਟਿਆ ਰਹਿੰਦਾ ਹੈ।

੨. ਖਾਲਸਾ-ਸੰਗਤ ਦੁਆਰਾ ਉਹਦੇ ਸਾਰੇ ਸੰਸੇ ਮਿਟਦੇ ਰਹਿੰਦੇ ਹਨ।

(ੳ) ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ।। (ਸੋਰਠਿ ਮ: ੫, ਪੰਨਾ ੬੩੦)

(ਅ) ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ।। (ਆਸਾ ਮ: ੧, ਪੰਨਾ ੪੩੯)

੩. ਗੁਰੂ ਦਾ ਸਿੱਖ ਕਿਸੀ ਦੀ ਸੋਭਾ ਵਡਿਆਈ ਸੁਣਕੇ ਕਿਸੀ ਨਾਲ ਈਰਖਾ ਨਹੀਂ ਕਰਦਾ :-

ਚਰਨ ਕਮਲ ਸੰਗਿ ਲਾਗੀ ਪ੍ਰੀਤਿ।। ਬਿਸਰਿ ਗਈ ਸਭ ਦੁਰਮਤਿ ਰੀਤਿ।। (ਬਿਲਾਵਲੁ ਮ:੫,ਪੰਨਾ ੮੦੨)

੪. ਉਹ ਸੰਸਾਰ ਵਾੜੀ ਅੰਦਰ ਤਰ੍ਹਾਂ ਤਰ੍ਹਾਂ ਦੇ ਖਿੜੇ ਹੋਏ ਸੁੰਦਰ ਫੁੱਲਾਂ ਨੂੰ ਵੇਖਦਾ ਵਾਹਿਗੁਰੂ ਤੋਂ ਗਦ ਗਦ ਜਾਂਦਾ ਹੈ ਪਰ ਫੁੱਲਾਂ ਨੂੰ ਤੋੜਦਾ ਮਰੋੜਦਾ ਨਹੀਂ ਭਾਵ ਇਸਤ੍ਰੀ ਵਰਤ ਪੂਰਨ ਗੁਰਮੁਖਤਾਈ ਨਾਲ ਨਿਭਾਂਦਾ ਹੈ :-

ਕਿਆ ਗਾਲਾਇਓ ਭੂਛ ਪਰ ਵੇਲਿ ਨਾ ਜੋਹੇ ਕੰਤ ਤੂ।। ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ।। (ਮਾਰੂ ਵਾਰ ਮ: ੫, ਪੰਨਾ ੧੦੯੫) ਦੀ ਗੁਰਮਤਿ ਉਸ ਉੱਤੇ ਪ੍ਰਕਾਸ਼ ਹੋ ਜਾਂਦੀ ਹੈ।

੫. ਉਹ ਸਾਰੇ ਸਿੰਘਾਂ ਨੂੰ ਆਪਣੇ ਸਹੋਦਰ ਭਾਈ ਸਮਝਦਾ ਹੈ।

ਜੋ ਜੋ ਕੀਨੋ ਹਮ ਤਿਸ ਕੇ ਦਾਸ।। ਪ੍ਰਭ ਮੇਰੇ ਕੋ ਸਗਲ ਨਿਵਾਸ।। ਨਾ ਕੋ ਦੂਤੁ ਨਹੀ ਬੈਰਾਈ।। ਗਲਿ ਮਿਲਿ ਚਾਲੇ ਏਕੈ ਭਾਈ।।੩।।
(ਰਾਮਕਲੀ ਮ: ੫, ਪੰਨਾ ੮੮੭)

੬. ਸਿੱਖ ਧਰਮ (ਖਾਲਸਾ ਪੰਥ) ਅੰਦਰ ਪਵਿਤ੍ਰਤਾ (ਸੁਚ) ਦੀ ਵੱਡੀ ਮਹਿਮਾ ਹੈ ਅਤੇ ਅਨਯ ਮਤ ਵਾਲਿਆਂ ਦੀ ਅਪਵਿਤ੍ਰਤਾ ਨੂੰ ਸੁੱਚ ਮੰਨਣ ਦੇ ਭਰਮ ਨੂੰ ਖੰਡਿਆ ਹੈ। ਪੂਰਨ ਖਾਲਸਾ ਪਵਿੱਤਰ ਜੀਵਨ ਜੀਉਣ ਦਾ ਜਤਨ ਕਰਦਾ ਹੋਇਆ ਇਸ ਗੁਰ-ਜਨਮ ਤੇ ਸਖਤ ਪਹਿਰਾ ਦਿੰਦਾ ਹੈ :-

"ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ"
(ਸਿਰੀ ਰਾਗ ਮ: ੧, ਪੰਨਾ ੧੯)

ਅਤੇ "ਗੁਰਸਿਖ ਮੀਤ ਚਲਹੁ ਗੁਰ ਚਾਲੀ।। ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ।।" (ਧਨਾਸਰੀ ਮ: ੪, ਪੰਨਾ ੬੬੭) ਦੀ ਗੁਰਮਤਿ ਮੁਤਾਬਿਕ ਪੰਜਾਂ ਕਕਾਰਾਂ ਦਾ ਧਾਰਨੀ ਹੁੰਦਾ ਹੋਇਆ ਕੁਰਿਹਤਾਂ ਤੋਂ ਬਚਕੇ ਰਹਿੰਦਾ ਹੈ।

੭. ਖਾਲਸਾ ਪੰਥ ਅੰਦਰ ਗੁਰੂ ਦੇ ਸਿੰਘਾਂ ਦਾ ਸਰਬ ਸ਼੍ਰੋਮਣੀ ਧਰਮ (ਫਰਜ਼) ਜੰਨਤਕ ਸੇਵਾ (ਟਹਿਲ) ਕਰਨੀ ਹੈ। ਇਹ ਸੇਵਾ ਭਾਵ ਹੋਰ ਕਿਸੀ ਮਜ਼ਹਬ ਅੰਦਰ ਨਹੀਂ। ਸਿੰਘਾਂ ਨੂੰ ਪਤਾ ਹੈ ਜੋ ਸੇਵਾ ਤੋਂ ਹੀ ਮੇਵਾ ਮਿਲਦਾ ਹੈ ਇਸ ਲਈ -

"ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।। (ਸਿਰੀ ਰਾਗ ਮ: ੧, ਪੰਨਾ ੨੬)

ਖਾਲਸਾ ਹਰ ਪ੍ਰਕਾਰ ਦੀ ਜੰਨਤਕ ਸੇਵਾ ਲਈ ਤੱਤਪਰ ਰਹਿੰਦਾ ਹੈ। ਆਪਣੀ ਜਾਨ ਤਲੀ ਉਤੇ ਰੱਖਕੇ ਭੀ ਸੇਵਾ ਨਿਭਾਉਂਦਾ ਹੈ।

੮. ਸਤਿਗੁਰੂ ਦਾ ਸਿੱਖ ਅੱਜਕਲ ਦੇ ਡੇਰਿਆਂ ਦੇ ਪਰਪੰਚੀ ਸਾਧਾਂ ਸੰਤਾਂ ਦੇ ਸੁਰਤਿ ਸ਼ਬਦ ਦੇ ਮਨ ਘੜਤ ਅਰਥ ਕਰਕੇ ਆਹਤ ਸ਼ਬਦ ਨੂੰ ਅਨਹਦ ਸ਼ਬਦ ਦੱਸਕੇ ਮਤਿਹੀਨ ਲੋਗਾਂ ਨੂੰ ਆਪਣੇ ਜਾਲ ਵਿੱਚ ਨਹੀਂ ਫਸਾਂਦਾ ਬਲਕਿ ਗੁਰਬਾਣੀ ਅੰਦਰ ਵਰਨਣ ਕੀਤੇ ਸੁਰਤਿ ਸ਼ਬਦ (ਗੁਰਉਪਦੇਸ਼) ਨੂੰ ਚਿੱਤ ਲਾ ਕੇ ਸੁਣਦਾ ਅਤੇ ਵਿਚਾਰ ਨਾਲ ਸਤਿਗੁਰੂ ਜੀ ਦੀ ਸਿਖਿਆ ਨੂੰ ਸਿਮਰਣ ਕਰਦਾ ਹੋਇਆ ਆਪਣੇ ਮਾਨਵੀ (ਗੁਰਸਿਖੀ ਦੇ) ਧਰਮ (ਫ਼ਰਜ) ਨੂੰ ਨਿਭਾਂਦਾ ਹੈ। "ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ।।"
(ਵਡਹੰਸ ਮ: ੧, ਪੰਨਾ ੫੬੬)

੯. ਸਤਿਗੁਰੂ ਜੀ ਦਾ ਸਿੱਖ (ਪੂਰਨ ਖਾਲਸਾ) ਕਿਸੀ ਨਾਲ ਕਪਟ ਕਰਕੇ ਕਮਾਈ ਨਹੀਂ ਖਾਂਦਾ, ਚੋਰ ਬਜ਼ਾਰੀ ਨਾਲ ਗਰੀਬਾਂ ਨੂੰ ਨਹੀਂ ਲੁੱਟਦਾ। ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਕਰਕੇ ਜੰਨਤਾ ਦਾ ਸੁਆਰਥ ਵਿਗਾੜਨ ਦਾ ਪਾਪ ਨਹੀਂ ਕਰਦਾ। ਝੂਠੇ ਦਾ ਸੰਗ ਨਹੀਂ ਕਰਦਾ। ਉਹ ਇਸ ਉਪਦੇਸ਼ ਨੂੰ ਹਮੇਸ਼ਾਂ ਸੌਂਹੇਂ ਰੱਖਦਾ ਹੈ ਕਿ -

"ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ।। ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ।। ਦੂਜੈ ਭਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ।। ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ।। ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ।। ਜਿਸਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ।। ਹਰਿਨਾਮੁ ਧਿਆਵੈ ਹਰਿਨਾਮੋ ਗਾਵੈ ਹਰਿਨਾਮੋ ਅੰਤਿ ਛੁਡਾਇ।।੨।। (ਗੂਜਰੀ ਕੀ ਵਾਰ ਮ: ੩, ਪੰਨਾ ੫੧੨)


www.AKJ.Org

੧੦. ਸਤਿਗੁਰੂ ਜੀ ਦਾ ਸਿੱਖ ਨੌਕਰੀ ਵਿੱਚ ਭੀ ਖਿਆਨਤ (ਗਬਨ, ਚੋਰੀ) ਨਹੀਂ ਕਰਦਾ, ਕਿਸੀ ਤਰ੍ਹਾਂ ਦੀ ਰਿਸ਼ਵਤ ਆਦਿ ਨਹੀਂ ਲੈਂਦਾ, ਆਪਣੀ ਸੰਭਾਲੀ ਹੋਈ ਸੇਵਾ (ਡਿਊਟੀ) ਨੂੰ ਵੱਡੀ ਸਾਵਧਾਨੀ ਨਾਲ ਨਿਭਾਂਦਾ ਹੈ। ਉਹਨੂੰ ਪਤਾ ਹੁੰਦਾ ਹੈ ਕਿ ਮੈਂ ਆਪਣੇ ਧਾਰਮਕਿ ਅਸੂਲਾਂ ਤੇ ਪਹਿਰਾ ਦਿੰਦੇ ਹੋਏ ਆਪਣਾ ਫ਼ਰਜ ਅਦਾ ਕਰਨਾ ਹੈ, ਜਿਥੇ ਉਸ ਨੂੰ ਧਾਰਮਕ ਅਸੂਲਾਂ ਤੋਂ ਪਤਿਤ ਹੋਣ ਦਾ ਡਰ (ਅੰਦੇਸ਼ਾਂ) ਹੁੰਦਾ ਹੈ ਉਹ ਝਟ ਅਜੇਹੀ ਨੌਕਰੀ ਨੂੰ ਛਡ ਦਿੰਦਾ ਹੈ। ਉਹ ਇਸ ਅਸੂਲ ਤੇ ਚੱਲਦਾ ਹੈ ਕਿ –

ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰ ਸੁਖੁ ਪਾਏ।। ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ।।(ਗਉੜੀ ਮ: ੩ ਪੰਨਾ ੨੪੬)

(ੳ) ਅਧਿਆਪਕ ਦੀ ਸੂਰਤ ਵਿੱਚ ਵਿਦਿਆਲਾ ਵਿੱਚ ਬੱਚਿਆਂ ਨੂੰ ਪੜ੍ਹਾਨ ਵੇਲੇ ਵੱਡੇ ਧੀਰਜ ਭਾਵ ਮਿੱਠੇ ਪਿਆਰ ਨਾਲ ਬੱਚੇ ਬੱਚੀਆਂ ਨੂੰ ਪੜ੍ਹਾਂਦਾ ਅਤੇ ਸ਼ੁੱਭ ਗੁਣਾਂ ਦਾ ਸੰਚਾਰ ਭੀ ਕਰਦਾ ਰਹਿੰਦਾ ਹੈ। ਕਿਸੀ ਕਮਜ਼ੋਰ ਬੱਚੇ ਨੂੰ ਵਡੇ ਠਰੰਮੇ ਨਾਲ ਸਬਕ ਸਮਝਾਂਦਾ ਹੈ।

(ਅ) ਨਿਆਏ ਦੀ ਕੁਰਸੀ ਉੱਤੇ ਬੈਠਾ ਪੂਰਾ ਪੂਰਾ ਅਦਲ ਕਰਦਾ ਹੈ। ਗਵਾਹੀਆਂ ਸੁਣ ਕੇ ਸੱਚ ਝੂਠ ਨੂੰ ਨਿਤਾਰਦਾ ਹੈ। ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ ਕਿ ਹੇ ਅਕਾਲ ਪੁਰਖ ਮੈਨੂੰ ਇਨਸਾਫ਼ ਕਰਨ ਦਾ ਬਲ ਬਖਸ਼। ਉਹ ਮੌਕੇ ਉੱਤੇ ਜਾ ਕੇ ਭੀ ਵੇਖਦਾ ਹੈ –

"ਸੰਤਨ ਕੀ ਸੁਣਿ ਸਾਚੀ ਸਾਖੀ।। ਸੋ ਬੋਲਹਿ ਜੋ ਪੇਖਹਿ ਆਖੀ" (ਰਾਮਕਲੀ ਮ: ੫, ਪੰਨਾ ੮੯੪)

ਉਪਰੋਕਤ ਗੁਰਮਤਿ ਅਨੁਸਾਰ ਸੱਚਾ ਇਨਸਾਫ਼ ਕਰਦਾ ਹੈ। ਅਤੇ ਜੇਹੜੇ ਵੱਢੀ ਲੈ ਕੇ ਗਵਾਹੀ ਦਿੰਦੇ ਹਨ ਉਹਨਾਂ ਨੂੰ ਯੋਗ ਦੰਡ ਦਿੰਦਾ ਹੈ। ਆਪ ਭੀ ਕਿਸੇ ਤੋਂ ਰਿਸ਼ਵਤ ਨਹੀਂ ਲੈਂਦਾ।

"ਲੈ ਕੇ ਵੱਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ।।" (ਮਾਰੂ ਸੋਲਹੇ ਮ: ੧, ਪੰਨਾ ੧੦੩੨)

(ੲ) ਇਸੀ ਤਰ੍ਹਾਂ ਇੰਜਨੀਅਰੀ, ਡਾਕਟਰੀ, ਵਕਾਲਤ ਆਦਿ ਪੇਸ਼ਿਆਂ ਦੇ ਗੁਰਸਿੱਖ ਆਪਣਾ ਫਰਜ਼ ਵੱਡੀ ਦਿਆਨਤਦਾਰੀ, ਈਮਾਨਦਾਰੀ ਨਾਲ ਨਿਭਾਂਦੇ ਹਨ। ਕਿਸੇ ਗਰੀਬ ਗੁਰਬੇ ਨੂੰ ਸਤਾਉਂਦੇ ਨਹੀਂ, ਕਿਸੇ ਦੀ ਹੱਕ-ਤਲਫੀ ਨਹੀਂ ਕਰਦੇ। ਵਡੀ ਦੂਰਅੰਦੇਸ਼ੀ ਨਾਲ ਆਪਣੇ ਧਰਮ (ਫ਼ਰਜ਼) ਨੂੰ ਪੂਰਾ ਕਰਦੇ ਹਨ।

"ਏਕੋ ਧਰਮੁ ਦ੍ਰਿੜੈ ਸਚੁ ਕੋਈ।। ਗੁਰਮਤਿ ਪੂਰਾ ਜੁਗਿ ਜੁਗਿ ਸੋਈ।।" (ਬਸੰਤ ਮ: ੧, ਪੰਨਾ ੧੧੮੮)

□□□□□

## ਕੁਸੰਗਤ

(ਗਿਆਨੀ ਗੋਪਾਲ ਸਿੰਘ ਮਿੱਤਰ)

ਸਦਾ ਕੁਸੰਗਤ ਤੋਂ ਦੁਖ ਉਪਜੇ, ਭਲਿਆਂ ਕੋਲੋਂ ਮਾਨਵ-ਪਿਆਰ।
ਪਿਆਰ ਪ੍ਰਭੂ ਦੀ ਦਏ ਨੇੜਤਾ, ਉਪਜਨ ਸਾਰੇ ਭਲੇ ਵਿਚਾਰ।
ਕਿੱਕਰ ਨੇੜੇ ਸੂਲਾਂ ਚੁੱਭਨ, "ਚੰਦਨ ਕਾ ਫਲੁ ਚੰਦਨ ਵਾਸੁ"
ਮਨਮੁਖ ਸੰਗ ਵਿਕਾਰੀ ਜੀਵਨ, ਸਾਧ ਸੰਗ ਸਚਖੰਡ ਦੁਆਰ।
ਦੁਖੀ ਆਤਮਾ ਦੀ ਜਾ ਪੈਂਦੀ, ਸਾਂਈਂ ਦੀ ਕੰਨੀ ਆਵਾਜ਼।
ਮੂੰਹੋਂ ਨਿਕਲੀ ਬਦ-ਅਸੀਸ ਖੋਹ ਲੈਂਦੀ, ਐਸ਼੍ਵਰਜ ਤੇ ਰਾਜ।
ਭੈੜੀ ਸੰਗਤ ਕਾਰਨ ਪੈਂਦੇ 'ਮਿੱਤਰ' ਜੀ ਦੁੱਖ ਕਸ਼ਟ ਉਠਾਣੇ।
ਵਜਦਾ ਵਜਦਾ ਹੋ ਜਾਵੇ, ਬੇਕਾਰ ਜ਼ਿੰਦਗੀ ਦਾ ਇਹ ਸਾਜ਼।
ਇੱਕੋ ਛੇਕ ਪਵੇ ਬੇੜੀ ਵਿੱਚ, ਡੁੱਬ ਜਾਂਦੀ ਏ ਤਰਦੀ ਤਰਦੀ।
ਇੱਕੋ ਤੀਲੀ ਪਲ ਵਿੱਚ ਸਾੜੇ, ਪੰਡ ਘਾਹ ਦੀ, ਝੁੰਗੀ ਸ਼ਰ ਦੀ।
ਭੈੜੀ ਸੰਗਤ ਪਲ ਭਰ ਦੀ ਵੀ, ਬਣ ਕੇ ਦੇਵ ਗੁਣਾਂ ਦੀ ਵੈਰਨ।
ਅੰਤਹਕਰਨ ਕੋਠੜੀ ਅੰਦਰ 'ਮਿੱਤਰ' ਔਗੁਣ ਕਾਲਖ ਭਰਦੀ।
ਜੇਹੜਾ ਛਾਇਆ ਪਿੱਛੇ ਦੌੜੇ ਛਾਇਆ ਉਸ ਦੇ ਹੱਥ ਨਾ ਆਵੇ।
ਸੂਰਜ ਵੱਲ ਮੂੰਹ ਕਰ ਤੱਕੇ, ਛਾਇਆ ਦੇ ਵਲ ਪਿੱਠ ਵਲਾਵੇ।
ਵਿਸ਼ੇ ਵਿਕਾਰਾਂ ਅੰਦਰ 'ਮਿੱਤਰ' ਤ੍ਰਿਪਤ ਨ ਹੋਇ ਕਦੀ ਤ੍ਰਿਸ਼ਨਾਲੂ।
ਮੰਦ ਕਰਮਾਂ ਦੇ ਬੋਝੇ ਢੋ ਢੋ, ਉਹ ਅਪਰਾਧੀ ਨਰਕ ਸਿਧਾਵੇ।



www.AKJ.Org

# ਵਿਣੁ ਨਾਵੈ ਸਭਿ ਭਰਮਦੇ (੨)

(ਭਾਈ ਜਸਬੀਰ ਸਿੰਘ ਖਾਲਸਾ, ਖੰਨੇ ਵਾਲੇ)

ਲੜੀ ਜੋੜਨ ਲਈ ਦੇਖੋ 'ਸੂਰਾ' ਮਾਰਚ, ੯੬......

ਪਰਮਾਤਮਾ ਨੂੰ ਦੇਖਣ ਲਈ ਭੀ ਜੁਗਤ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਬਖਸ਼ਿਸ਼ ਕਰਦੇ ਹੋਏ ਸਮਝਾਉਂਦੇ ਹਨ ਕਿ ਜੇ ਸ਼ੁਭ ਕਰਮਾਂ ਦੇ ਦੁੱਧ ਨੂੰ ਸੁਰਤੀ ਦੀ ਜਾਗ ਲਗਾ ਦੇਵੇਂ ਤੇ ਡੋਰੀ ਇੱਕ ਪਰਮਾਤਮਾ ਤੇ ਰੱਖੇਂ ਤਾਂ ਤੇਰੀ ਘਾਲਣਾ ਪੂਰੀ ਹੋ ਜਾਏ।

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ
ਹੋਇ ਨਿਰਾਸ ਜਮਾਵਹੁ ।।੧।। (ਪੰਨਾ ੭੨੮)

ਪਰ ਇਕ ਅੰਤਰ ਜ਼ਰੂਰ ਹੋਏਗਾ, ਜਿਹੜਾ ਦੁੱਧ ਤੋਂ ਮੱਖਣ ਕੱਢੇਗਾ। ਜਿਵੇਂ ਆਮ ਕੱਢਦੇ ਹਾਂ ਦੁੱਧ ਨੂੰ ਖੱਟਾ ਲਗਾ ਕੇ, ਫਿਰ ਦੁੱਧ ਜੰਮਦਾ ਹੈ, ਫਿਰ ਰਿੜਕਦੇ ਹਾਂ। ਮੱਖਣ ਨਿਕਲ ਆਉਂਦਾ ਹੈ, ਉਸ ਮੱਖਣ ਨੂੰ ਤਾਂ ਹਰ ਕੋਈ ਬੰਦਾ ਦੇਖ ਲਵੇਗਾ ਪਰ ਪਰਮਾਤਮਾ ਨੂੰ ਜਿਸਨੇ ਆਪ ਘਾਲ ਘਾਲੀ ਹੋਈ ਹੈ, ਉਹੀ ਦੇਖਦਾ ਹੈ। ਇਹ ਅੰਤਰ ਹੈ ਕਿਉਂਕਿ ਪਰਮਾਤਮਾ ਬਹੁਤ ਹੀ ਅਨੂਪ ਤੇ ਕੀਮਤੀ ਵਸਤੂ ਹੈ। ਜਿਤਨੀ ਕੋਈ ਕੀਮਤੀ ਵਸਤੂ ਹੋਵੇ ਹਰੇਕ ਚਾਹੁੰਦਾ ਹੈ ਮੈਂ ਉਸ ਨੂੰ ਲੁਕੋ ਕੇ ਰੱਖਾਂ।

"ਜਿਨਿ ਹਰਿ ਪਾਇਓ ਤਿਨਹਿ ਛਪਾਇਓ।।" (ਪੰਨਾ ੭੧੮)

ਪਰ ਕੀਮਤੀ ਵਸਤੂ ਆਪਣੇ ਆਪ ਪ੍ਰਗਟ ਹੋ ਜਾਂਦੀ ਹੈ। ਉਹ ਆਪ ਪ੍ਰਗਟ ਭੀ ਹੁੰਦੀ ਹੈ ਤੇ ਜਿਸਦੇ ਅੰਦਰੋਂ ਪ੍ਰਗਟ ਹੁੰਦੀ ਹੈ ਉਸਨੂੰ ਭੀ ਪ੍ਰਗਟ ਕਰ ਦਿੰਦੀ ਹੈ। ਉਹ ਹੈ ਗੁਰਮੁਖ। ਉਹ ਲੁਕਾਉਂਦਾ ਹੈ ਪਰ ਵਸਤੂ ਲੁਕਦੀ ਨਹੀਂ, ਉਹ ਪ੍ਰਗਟ ਹੋ ਜਾਂਦੀ ਹੈ। ਜਿਥੋਂ ਪ੍ਰਗਟ ਹੁੰਦੀ ਹੈ, ਉਸਨੂੰ ਭੀ ਪ੍ਰਗਟ ਕਰ ਦਿੰਦੀ ਹੈ। ਕੋਈ ਨਹੀਂ ਸੀ ਜਾਣਦਾ ਨਾਮਦੇਵ ਕੌਣ ਏ ਪਰ ਪ੍ਰਗਟ ਹੋ ਗਿਆ। ਪੀਪਾ ਕੌਣ ਏ ? ਪਰ ਜਦੋਂ ਪ੍ਰਗਟ ਹੋ ਗਿਆ, ਭਗਤ ਪੀਪਾ ਹੋ ਗਿਆ। ਸੰਸਾਰ ਵਿੱਚ ਕੋਈ ਕਹਿੰਦਾ ਸੀ ਕਬੀਰ ਏ, ਨਾਮਦੇਵ ਏ, ਧੰਨਾ ਏ, ਸੂਰਦਾਸ ਏ, ਬੇਣੀ ਏ, ਪੀਪਾ ਏ ਪਰ ਜਦੋਂ ਗੁਰਪ੍ਰਸਾਦਿ ਵਰਤਿਆ, ਜਦੋਂ ਸਾਧ-ਸੰਗਤ ਮਿਲੀ, ਉਨ੍ਹਾਂ ਦੇ ਨਾਮ ਦੇ ਅੱਗੇ ਇਕ ਸ਼ਬਦ ਲੱਗ ਗਿਆ ਜਿਸਨੂੰ ਭਗਤ ਕਹਿੰਦੇ ਹਨ।

ਗੁਰ ਉਪਦੇਸਿ ਸਾਧ ਕੀ ਸੰਗਤਿ
ਭਗਤੁ ਭਗਤੁ ਤਾ ਕੋ ਨਾਮੁ ਪਰਿਓ।। (ਪੰਨਾ ੧੧੦੫)

ਸਾਰਿਆਂ ਨੇ ਕਿਹਾ ਭਗਤ ਏ, ਫਿਰ ਕਿਸੇ ਨੇ ਇਕੱਲਾ ਕਿਹਾ ਕਬੀਰ ਏ, ਨਹੀਂ, ਸਗੋਂ ਕਿਹਾ ਭਗਤ ਕਬੀਰ ਏ। ਕਿਸੇ ਨੇ ਕਿਹਾ ਰਵਿਦਾਸ ਏ, ਸਗੋਂ ਭਗਤ ਰਵਿਦਾਸ ਏ। ਇਸਦਾ ਭਾਵ ਇਹ ਹੋਇਆ ਕਿ ਜਿਹੜੀ ਦਿਮਾਗ ਵਿਚ ਸ਼ੁੱਧ ਵੀਚਾਰ ਨਾ ਹੋਣ ਦੀ ਬੀਮਾਰੀ ਹੈ ਇਸਦੀ ਭੀ ਰੋਕਥਾਮ ਕਰਨੀ ਪਏਗੀ। ਜ਼ਰਾ ਹੋਰ ਸੋਚੀਏ, ਅਜੋਕੇ ਸਮੇਂ ਤੋਂ ਪਹਿਲਾਂ ਦੋ ਗੱਲਾਂ ਜ਼ਰੂਰੀ ਸਨ। ਇਕ ਸੀ ਵੀਚਾਰ ਤੇ ਦੂਜੀ ਸੀ ਤਲਵਾਰ। ਬੰਦੇ ਦਾ ਸੁਭਾਅ ਬਣ ਗਿਆ ਸੀ ਕਿ ਬੰਦਾ ਬੰਦੇ ਨੂੰ ਜਾਂ ਤਾਂ ਤਲਵਾਰ ਨਾਲ ਝੁਕਾ ਲੈਂਦਾ ਸੀ। ਕਿਸੇ ਬੰਦੇ ਨੇ ਤਲਵਾਰ ਦੇ ਬਲ ਨਾਲ ਦੂਜੇ ਦੀ ਧਰਤੀ, ਦੂਜੇ ਦੇ ਦੇਸ਼ ਤੇ, ਦੂਜੇ ਦੀ ਹਕੂਮਤ ਤੇ ਕਬਜ਼ੇ ਕੀਤੇ, ਕਿਸੇ ਨੇ ਵੀਚਾਰਾਂ ਨਾਲ ਦੂਜੇ ਦੇ ਗਿਆਨ ਤੇ ਕਬਜ਼ਾ ਕੀਤਾ। ਗਿਆਨ ਦੀਆਂ ਪੁਸਤਕਾਂ ਤੇ ਕਬਜ਼ੇ ਕੀਤੇ। ਪੁਰਾਤਨ ਸਮੇਂ ਇਉਂ ਹੁੰਦਾ ਸੀ ਕਿ ਗਿਆਨ ਦੀ ਚਰਚਾ ਹੁੰਦੀ ਸੀ ਤੇ ਜਿਹੜਾ ਜਿੱਤ ਜਾਂਦਾ ਸੀ ਉਹ ਦੂਸਰੇ ਦੀਆਂ ਸਾਰੀਆਂ ਪੁਸਤਕਾਂ ਖੋਹ ਲੈਂਦਾ ਸੀ। ਸਾਹਿਬ ਕਹਿੰਦੇ ਹਨ –

ਪੜਿ ਪੜਿ ਗਡੀ ਲਦੀਅਹਿ।। (ਆਸਾ ਦੀ ਵਾਰ)

ਇਕ ਪੰਡਿਤ ਜੀ ਨੇ ਹਰੇਕ ਨਾਲ ਗਿਆਨ ਚਰਚਾ ਕਰਦੇ ਕਰਦੇ ਪੁਸਤਕਾਂ ਦੀ ਇੱਕ ਵੱਡੀ ਗੱਠੜੀ ਬਣਾ ਲਈ। ਸਭ ਦੀਆਂ ਕਿਤਾਬਾਂ ਲੈ ਲਈਆਂ। ਫਿਰ ਇਕ ਘੋੜੀ ਲੈ ਕੇ ਉਸ ਦੇ ਪਿੱਛੇ ਸਾਰੀ ਗਠੜੀ ਬੰਨ੍ਹ ਦਿੱਤੀ। ਪੰਡਤ ਜੀ ਦਿਖਾਵਾ ਕਰਦੇ ਸਨ ਕਿ ਮੈਂ ਇਤਨੀਆਂ ਕਿਤਾਬਾਂ ਖੋਹ ਲਈਆਂ ਹਨ। ਇਹ ਪੰਡਤ ਜੀ ਭਗਤ ਮਾਧੋਦਾਸ ਜੀ ਦੇ ਪਾਸ ਜੋ ਵਿਦਿਆਰਥੀ ਪੜ੍ਹਦੇ ਸੀ, ਉਧਰ ਨੂੰ ਤੁਰ ਪਏ। ਉਧਰ ਨੂੰ ਤੁਰਦੇ - ਤੁਰਦੇ ਰਸਤੇ ਵਿੱਚ ਪਿਆਸ ਲੱਗੀ। ਇੱਕ ਨਦੀ ਦੇ ਕਿਨਾਰੇ ਪਾਣੀ ਪੀਣ ਲੱਗੇ। ਜਦੋ ਪਾਣੀ ਪੀਣ ਲੱਗੇ ਤਾਂ ਭਗਤ ਮਾਧੋਦਾਸ ਦੀ ਟਕਸਾਲ ਦਾ ਇੱਕ ਵਿਦਿਆਰਥੀ ਇਸ਼ਨਾਨ ਕਰ ਰਿਹਾ ਸੀ। ਇਸ਼ਨਾਨ ਕਰਦੇ ਕਰਦੇ ਉਸ ਨੇ ਕਿਹਾ ਪੰਡਤ ਜੀ ਤੁਸੀਂ ਪਾਣੀ ਪੀ ਰਹੇ ਹੋ, ਇਹ ਘੋੜੀ ਤੇ ਬੜਾ ਭਾਰ ਲਦਿਆ ਹੈ, ਇਸ ਵਿੱਚ ਕੀ ਹੈ ? ਪੰਡਤ ਜੀ ਨੇ ਕਿਹਾ ਕਿ ਇਹ ਸਾਰੀਆ ਕਿਤਾਬਾਂ ਹਨ। ਮੈਂ ਬੜੀ ਚਰਚਾ ਕੀਤੀ ਹੈ। ਮੈਂ ਗਿਆਨ ਦਾ ਜੇਤੂ ਹਾਂ, ਮੇਰੇ ਬਰਾਬਰ ਕਿਸੇ ਨੂੰ ਗਿਆਨ ਨਹੀਂ। ਵਿਦਿਆਰਥੀ ਨੇ ਪੁੱਛਿਆ, "ਹੁਣ ਕਿੱਥੇ ਚੱਲੇ ਹੋ ?" ਪੰਡਤ ਕਹਿਣ ਲੱਗਾ ਕਿ ਹੁਣ ਭਗਤ ਮਾਧੋ ਦਾਸ ਦੇ ਪਾਸ ਚੱਲਿਆ ਹਾਂ। ਵਿਦਿਆਰਥੀ ਨੇ ਕਿਹਾ ਕਿ ਤੁਸੀਂ ਮੇਰੀ ਇੱਕ ਗੱਲ ਦਾ ਜੁਆਬ ਦੇ ਕੇ ਜਾਓਗੇ ? "ਤੁਸੀਂ ਪੜ੍ਹ ਕੇ ਬੁਝਿਐ ਜਾਂ ਬੁਝ ਕੇ ਪੜ੍ਹਿਐ ?" ਪੰਡਤ ਜੀ ਬੜੇ ਹੈਰਾਨ ਹੋਏ ਕਿ ਕੀ ਜੁਆਬ ਦਿਆਂ। ਵਿਦਿਆਰਥੀ ਨੇ ਪ੍ਰਸ਼ਨ ਫਿਰ ਦੁਹਰਾਇਆ "ਤੁਸੀਂ ਪੜ੍ਹ ਕੇ ਬੁਝਿਐ



www.AKJ.Org

ਜਾਂ ਬੁਝ ਕੇ ਪੜ੍ਹੀਐ ?" ਪੰਡਤ ਜੀ ਫਿਰ ਚੁੱਪ ਰਹੇ ਤਾਂ ਵਿਦਿਆਰਥੀ ਨੇ ਫਿਰ ਤੀਜੀ ਵਾਰ ਦੁਹਰਾਇਆ ਪਰ ਜੁਆਬ ਨਹੀਂ ਆਇਆ, ਤਾਂ ਵਿਦਿਆਰਥੀ ਬੋਲੇ, "ਮੈਂ ਸਮਝ ਗਿਆ, ਜੇ ਤੁਸੀਂ ਪਹਿਲਾਂ ਹੀ ਬੁੱਝ ਲਿਆ ਹੁੰਦਾ ਤਾਂ ਫਿਰ ਤੁਹਾਨੂੰ ਇਹ ਪੜ੍ਹਨ ਦੀ ਲੋੜ ਨਾ ਪੈਂਦੀ। ਜੇ ਇਤਨਾ ਕੁੱਝ ਪੜ੍ਹ ਕੇ ਬੁੱਝ ਲਿਆ ਹੁੰਦਾ ਤਾਂ ਫਿਰ ਬਹਿਸ ਕਰਨ ਦੀ ਲੋੜ ਨਾ ਪੈਂਦੀ। ਇਸ ਵੀਚਾਰ ਤੋਂ ਇਹ ਭਾਵ ਹੈ ਕਿ ਜੇ ਵੀਚਾਰ ਵਿੱਚ ਵੀ ਹਉਮੈ ਹੈ, ਜੇ ਤਲਵਾਰ ਵਿੱਚ ਵੀ ਹਉਮੈ ਹੈ ਕਿ ਕਿਸੇ ਦੇ ਗਿਆਨ ਉੱਤੇ ਜਾਂ ਕਿਸੇ ਉਤੇ ਕਬਜ਼ਾ ਕਰਨਾ ਹੈ ਤਾਂ ਫਿਰ ਭਟਕਣਾ ਹੀ ਭਟਕਣਾ ਹੈ। ਸਾਹਿਬ ਸੱਚੇ ਪਾਤਸ਼ਾਹ ਜਾਣਦੇ ਸਨ, ਉਨ੍ਹਾਂ ਨੇ ਕਿਹਾ, "ਵੀਚਾਰ ਚੰਗੇ ਹਨ ਪਰ ਜੇ ਇਹ ਵੀਚਾਰ ਨਾਮ ਦਾ ਆਧਾਰ ਬਣਾ ਕੇ ਹੋਣ ਤਾਂ ਇਨ੍ਹਾਂ ਵੀਚਾਰਾਂ ਦੀ ਹਉਮੈ ਮਰ ਜਾਏਗੀ, ਤਾਂ ਇਹ ਵੀਚਾਰ ਸ਼ੁੱਧ ਹੋ ਜਾਣਗੇ, ਤਾਂ ਇਸ ਸ਼ੁੱਧ ਵੀਚਾਰ ਜਿਸਦਾ ਆਧਾਰ ਨਾਮ ਹੋਏਗਾ, ਨਾਲ ਮਨੁੱਖਤਾ ਵੀ ਉੱਜਲ ਹੋ ਜਾਏਗੀ।" ਕਈ ਵਾਰ ਐਸਾ ਵੀਚਾਰ ਆਉਂਦਾ ਹੈ ਕਿ ਜਿੱਧਰ ਰੌਸ਼ਨੀ ਨੂੰ ਦੇਖਦਾ ਹਾਂ ਉਸ ਰੌਸ਼ਨੀ ਦਾ ਦੂਜਾ ਪੱਖ ਹਨ੍ਹੇਰਾ ਹੈ, ਜਿੱਥੇ ਰੌਸ਼ਨੀ ਦੀ ਅਣਹੋਂਦ ਹੈ ਉਥੇ ਹਨ੍ਹੇਰਾ ਹੈ। ਦੀਵੇ ਦੀ ਲੋਅ ਦਾ ਭੀ ਪ੍ਰਛਾਵਾਂ ਪੈਂਦਾ ਹੈ, ਬਿੰਬ ਦਾ ਭੀ ਪ੍ਰਤੀਬਿੰਬ ਹੈ। ਜੋ ਕਾਲੀ ਰਾਤ ਪੈਂਦੀ ਹੈ, ਇਹ ਭੀ ਸੂਰਜ ਦਾ ਪ੍ਰਛਾਵਾਂ ਹੈ। ਸੂਰਜ ਅਮਰੀਕਾ ਵੱਲ ਚਲਾ ਜਾਏ, ਉੱਧਰ ਮੂੰਹ ਹੋ ਜਾਏ ਤਾਂ ਇਧਰ ਰਾਤ ਪੈ ਜਾਂਦੀ ਹੈ, ਇਧਰ ਮੂੰਹ ਹੋ ਜਾਏ ਤਾਂ ਉਧਰ ਰਾਤ ਪੈ ਜਾਂਦੀ ਹੈ। ਇਹ ਸੱਚ ਹੈ, ਰਾਤ ਭੀ ਪ੍ਰਛਾਵਾਂ ਹੈ। ਜੋ ਅੱਖ ਝਮਕਦੀ ਹੈ ਤਾਂ ਅੱਖ ਦਾ ਭੀ ਪ੍ਰਛਾਵਾਂ ਹੈ। ਬੰਦੇ ਦਾ ਭੀ ਪ੍ਰਛਾਵਾਂ ਹੈ। ਜਦੋਂ ਅਸੀਂ ਪ੍ਰਛਾਵੇਂ ਨੂੰ ਦੇਖਦੇ ਹਾਂ ਉਸਦਾ ਹਨ੍ਹੇਰਾ ਪੱਖ ਹੈ। ਹਨ੍ਹੇਰੇ ਵਿੱਚ ਤਾਂ ਜ਼ਰੂਰ ਭਟਕਣਾ ਹੋਵੇਗੀ ਕਿਉਂਕਿ ਹਨ੍ਹੇਰੇ ਵਿੱਚ ਤਾਂ ਰੱਸੀ ਭੀ ਸੱਪ ਨਜ਼ਰ ਆਉਂਦੀ ਹੈ। ਜਦੋਂ ਸੁੱਖ ਆਵੇ ਬੰਦਾ ਬੜਾ ਨੱਚਦਾ ਟੱਪਦਾ ਹੈ, ਖੁਸ਼ੀ ਵਿੱਚ ਛਾਲਾਂ ਮਾਰਦਾ ਹੈ ਪਰ ਜਦੋਂ ਦੁੱਖ ਆ ਜਾਵੇ ਇੰਜ ਸਮਝ ਲਵੋ ਜਿਵੇਂ ਟੋਏ ਵਿੱਚ ਡਿਗਾ ਪਿਆ ਹੈ। ਜਦੋਂ ਨਫਾ ਹੋ ਜਾਵੇ ਫਿਰ ਤਾਂ ਬੰਦਾ ਖੁਸ਼ੀ ਵਿੱਚ ਫੁੱਲਿਆ ਨਹੀਂ ਸਮਾਂਦਾ ਤੇ ਜਦੋਂ ਘਾਟਾ ਪੈ ਜਾਏ, ਬੰਦਾ ਮਰਨ ਨੂੰ ਜਾਂਦਾ ਹੈ। ਮੈਂ ਸ੍ਰੀ ਰਾਮ ਦੀਆਂ ਕਥਾ ਸੁਣੀਆਂ ਹਨ ਪਰ ਨਾਲ ਹੀ ਰਾਵਣ ਦਾ ਨਾਮ ਭੀ ਆ ਜਾਂਦਾ ਹੈ। ਮੈਂ ਸ੍ਰੀ ਕ੍ਰਿਸ਼ਨ ਜੀ ਦੀ ਗਾਥਾ ਸੁਣੀ ਹੈ ਪਰ ਨਾਲ ਕੰਸ ਦਾ ਨਾਮ ਭੀ ਆਉਂਦਾ ਹੈ। ਜਦੋਂ ਮੈਂ ਗੁਰਮੁਖ ਦੀ ਗੱਲ ਕਰਦਾ ਹਾਂ ਤਾਂ ਕਈ ਵਾਰ ਸਾਹਮਣੇ ਮਨਮੁੱਖ ਭੀ ਨਜ਼ਰ ਆਉਂਦਾ ਹੈ। ਪਰ ਜੇਕਰ ਕੋਈ ਐਸੀ ਬਖਸ਼ਿਸ਼ ਹੋ ਜਾਵੇ, ਮੈਨੂੰ ਸਿਰਫ ਰਾਮ ਹੀ ਰਾਮ ਨਜ਼ਰ ਆਵੇ, ਹੰਕਾਰ ਰੂਪੀ ਰਾਵਣ ਨਜ਼ਰ ਹੀ ਨਾ ਆਵੇ। ਮੇਰੇ ਤੋਂ ਐਸੀ ਕ੍ਰਿਪਾ ਹੋ ਜਾਏ ਕਿ ਮੈਨੂੰ ਘਟ ਘਟ ਵਿੱਚ ਜ਼ੱਰੇ ਜ਼ੱਰੇ ਵਿੱਚ ਰਮਿਆ ਹੋਇਆ ਰਾਮ ਹੀ ਨਜ਼ਰ ਆਵੇ, ਹੰਕਾਰ ਰੂਪੀ ਰਾਵਣ ਨਜ਼ਰ ਨਾ ਆਵੇ, ਦੁੱਖ ਨਜ਼ਰ ਹੀ ਨਾਂ ਆਵੇ। ਕੋਈ ਐਸੀ ਕ੍ਰਿਪਾ ਹੋ ਜਾਏ ਮੈਨੂੰ ਨਫਾ ਹੀ ਨਫਾ ਹੋਵੇ, ਘਾਟਾ ਹੋਵੇ ਹੀ ਨਾ। ਐਸੀ ਕੋਈ ਕ੍ਰਿਪਾ ਕਰ ਦੇਵੇ ਮੈਨੂੰ ਚਾਨਣਾ ਹੀ ਚਾਨਣਾ ਨਜ਼ਰ ਆਵੇ, ਹਨ੍ਹੇਰਾ ਹੋਵੇ ਹੀ ਨਾ। ਉਹ ਕੀ ਬਖਸ਼ਿਸ਼ ਹੈ ? ਉਹ ਹੈ -

ਅੰਧਿਆਰੇ ਦੀਪਕੁ ਚਹੀਐ ॥
ਇਕ ਬਸਤੁ ਅਗੋਚਰ ਲਹੀਐ ॥ (ਪੰਨਾ ੬੫੫-੫੬)

ਕੇਵਲ ਦੀਵਾ ਨਹੀਂ, ਨਾਲ ਅਗੋਚਰ ਵਸਤ ਭੀ ਹੈ। ਇਹ ਸੱਚ ਹੈ ਜਦੋਂ ਐਸਾ ਪ੍ਰਕਾਸ਼ ਹੋ ਜਾਏ, ਗੁਰ ਸ਼ਬਦ ਦਾ ਦੀਪਕ ਪ੍ਰਕਾਸ਼ ਕਰ ਜਾਏ, ਤਾਂ ਫਿਰ ਗੁਆਚੀ ਹੋਈ ਬੁੱਧ, ਗੁਆਚੀ ਹੋਈ ਅਨੂਪ ਵਸਤੂ ਜੋ ਸਾਡੇ ਨਜ਼ਦੀਕ ਸੀ, ਨਜ਼ਦੀਕ ਤੋਂ ਨਜ਼ਦੀਕ ਸੀ, ਉਸਦੀ ਪ੍ਰਾਪਤੀ ਹੋ ਜਾਏਗੀ। ਉਹ ਸੋਚਾਂ ਦਾ ਸਮੁੰਦਰ----

ਹਰਿ ਕਾ ਨਾਮੁ ਨ ਜਪਸਿ ਗਵਾਰਾ ॥
ਕਿਆ ਸੋਚਹਿ ਬਾਰੰਬਾਰਾ ॥ (ਪੰਨਾ ੬੫੫)

ਉਸ ਖਿਆਲਾਂ ਦੇ ਸਮੁੰਦਰ ਚੋਂ ਨਿਕਲ ਕੇ ਕੋਈ ਪਰਮੇਸ਼ਰ ਦਾ ਨਾਮ ਜਪੇਗਾ। ਜਦੋਂ ਨਾਮ ਜਪੇਗਾ ਤਾਂ ਭਟਕਣਾ ਖਤਮ ਹੋਵੇਗੀ। ਨਾਮ ਦੀ ਰੋਸ਼ਨੀ ਨਾ ਹੋਣ ਕਰਕੇ, ਨਾਮ ਦਾ ਅਧਾਰ ਨਾ ਹੋਣ ਕਰਕੇ, ਸ਼ਬਦ ਦਾ ਨਿਵਾਸ ਨਾ ਹੋਣ ਕਰਕੇ ਅੰਦਰ ਭਟਕਦਾ ਹੈ ਤਾਂ ਇੰਜ ਨਜ਼ਰ ਆਉਂਦਾ ਹੈ ਕਿ ਹੇ ਮਨੁਖ ! ਕਦੇ ਤੂੰ ਇਹ ਵੀ ਸੋਚ ਲਈਂ ਕਿ ਤੇਰੀਆਂ ਅੱਖਾਂ ਤਾਂ ਮਨੁਖ ਵਾਲੀਆਂ ਹਨ ਪਰ ਦੇਖਣੀ ਮਨੁੱਖ ਵਾਲੀ ਨਹੀਂ ਹੈ। ਇਹ ਦੇਖ ਕੇ ਬੜੀ ਚੋਟ ਲਗਦੀ ਹੈ। ਜਿੱਥੇ ਮਨੁੱਖ ਨੂੰ ਪਰਮਾਤਮਾ ਨੇ ਮਨੁੱਖ ਵਾਲੀਆਂ ਅੱਖਾਂ ਦਿੱਤੀਆਂ ਹਨ, ਕਾਸ਼ ਇਸ ਦੀ ਦੇਖਣੀ ਭੀ ਮਨੁਖਾਂ ਵਾਲੀ ਹੋ ਜਾਂਦੀ। ਪਰਮਾਤਮਾ ਨੇ ਜਬਾਨ ਤਾਂ ਮਨੁੱਖਾਂ ਵਾਲੀ ਦਿੱਤੀ, ਚੰਗਾ ਹੁੰਦਾ ਜੇ ਬੰਦੇ ਦੀ ਜ਼ਬਾਨ ਭੀ ਮਨੁੱਖਾਂ ਵਾਲੀ ਹੁੰਦੀ। ਹੇ ਭਾਈ ! ਕਦੇ ਤੂੰ ਸੋਚਿਆ ਜੋ, ਮੈਂ ਬੋਲ ਰਿਹਾਂ ਹਾਂ, ਕੀ ਇਹ ਮਨੁੱਖਾਂ ਵਾਲੇ ਬੋਲ ਹਨ ਜਾਂ ਪਸ਼ੂਆਂ ਵਾਲੇ ? ਕਾਸ਼ ਜੇ ਤੇਰੇ ਹੱਥ ਤੇ ਪੈਰ ਮਨੁਖਾਂ ਵਾਲੇ ਹਨ ਤੇ ਫਿਰ ਤੇਰੇ ਕਰਮ ਭੀ ਮਨੁਖਾਂ ਵਾਲੇ ਹੁੰਦੇ! ਫਿਰ ਤਾਂ ਇਹ ਸਮਝ ਆ ਜਾਂਦੀ ਕਿ ਤੇਰੇ ਅੰਦਰ ਭਟਕਣਾ ਨਹੀਂ ਹੈ। ਕਈ ਵਾਰ ਇਹ ਭੀ ਵਿਚਾਰ ਆਉਂਦਾ ਹੈ ਕਿ ਪਸ਼ੂ ਜਨਮ ਪਸ਼ੂ ਦਾ ਲੈ ਕੇ ਪਸ਼ੂਆਂ ਵਾਂਗ ਮਰਦਾ ਹੈ, ਕੋਈ ਗਿਲਾ ਨਹੀਂ। ਗਿਲਾ ਹੈ, ਕੋਈ ਮਨੁਖਾਂ ਦੇ ਘਰ ਜਨਮ


www.AKJ.Org

ਲੈ ਕੇ ਜਦੋਂ ਪਸ਼ੂਆਂ ਵਾਂਗ ਮਰਦਾ ਹੈ। ਹੇ ਬੰਦੇ ! ਮਨੁਖ ਦੇ ਘਰ ਜਨਮ ਲੈ ਕੇ ਘੱਟੋ-ਘੱਟ ਮਨੁਖਾਂ ਵਾਂਗ ਤਾਂ ਮਰ। ਤੂੰ ਮਨੁਖ ਦਾ ਜਨਮ ਲੈ ਕੇ ਪਸ਼ੂਆਂ ਵਾਂਗ ਮਰੇਂ ਤਾਂ ਫਿਰ ਸਮਝ ਆਉਂਦੀ ਹੈ-

ਕਰਤੂਤਿ ਪਸੂ ਕੀ ਮਾਨਸ ਜਾਤਿ।।

(ਸੁਖਮਨੀ ਸਾਹਿਬ)

ਸਤਿਗੁਰੂ ਜੀ ਕਹਿੰਦੇ ਹਨ, ਸਚਮੁਚ ਸੰਸਾਰ ਭਟਕ ਰਿਹਾ ਹੈ। ਬਿਨਾਂ ਪਰਮਾਤਮਾ ਦੇ ਨਾਮ ਤੋਂ ਸਾਰਾ ਸੰਸਾਰ ਭਟਕ ਰਿਹਾ ਹੈ। ਪਰ ਜਦੋਂ ਕਿਸੇ ਦੇ ਅੰਦਰ ਸ਼ਬਦ ਵਸ ਜਾਵੇ ਫਿਰ ਭਟਕਣਾ ਮੁੱਕਦੀ ਹੈ। ਅਸੀਂ ਸਾਰੇ ਪਰਮਾਤਮਾ ਦੇ ਦਰਸ਼ਨਾਂ ਦੀ ਗੱਲ ਕਰਦੇ ਹਾਂ ਪਰ ਜਦੋਂ ਮੈਂ ਭਗਤ ਕਬੀਰ ਜੀ ਨੂੰ ਇਕ ਸ਼ਬਦ ਵਿੱਚੋਂ ਦੇਖਦਾ ਹਾਂ ਤਾਂ ਮੂੰਹੋਂ ਨਿਕਲਦਾ ਹੈ, ਭਗਤ ਕਬੀਰ ਜੀ ਤੁਸੀਂ ਧੰਨ ਹੋ, ਅਸੀਂ ਤਾਂ ਅਜੇ ਪਰਮਾਤਮਾ ਦੇ ਦਰਸ਼ਨਾਂ ਦੀ ਗੱਲ ਕਰਦੇ ਹਾਂ, ਤੁਸੀਂ ਕਿੰਨੇ ਚੰਗੇ ਹੋ? ਤੁਹਾਡੀ ਤਾਂ ਭਟਕਣਾ ਹੀ ਮੁੱਕ ਗਈ। ਜਦੋਂ ਤੁਸੀਂ ਪਰਮਾਤਮਾ ਦੀ ਪਟਰਾਣੀ ਹੀ ਬਣ ਗਏ, ਪਰਮਾਤਮਾ ਦੇ ਮਹਿਲ ਵਿੱਚ ਹੀ ਚਲੇ ਗਏ, ਤੁਸੀਂ ਤਾਂ ਕਮਾਲ ਹੀ ਕਰ ਦਿੱਤੀ, ਪਰਮਾਤਮਾ ਨਾਲ ਵਿਆਹ ਹੀ ਕਰ ਲਿਆ।

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ
ਪੁਰਖ ਏਕ ਭਗਵਾਨਾ।।੩।। (ਪੰਨਾ ੪੮੨)

ਇਕ ਪਰਮੇਸ਼ਰ ਮੈਨੂੰ ਵਿਆਹ ਕੇ ਲੈ ਚੱਲੇ ਜੇ। ਭਗਤ ਕਬੀਰ ਜੀ, ਇਕ ਸ਼ਬਦ ਵਿੱਚ ਹੀ ਤੁਸੀਂ ਸਾਰਾ ਕੁਝ ਦਸ ਦਿੱਤਾ ਜਦੋਂ ਰਹਾਓ ਦੀ ਪੰਗਤੀ ਵਿੱਚ ਕਹਿੰਦੇ ਹੋ---

ਗਾਉ ਗਾਉ ਰੀ ਦੁਲਹਨੀ ਮੰਗਲਾਚਾਰਾ।।
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ।।

(ਪੰਨਾ ੪੮੨)

ਇਹ ਗਲ ਸਮਝ ਆਉਂਦੀ ਹੈ ਕਿ ਦੁਲਹਨੀ ਕੌਣ ਹੈ। ਜਦ ਗਲ ਭਗਤ ਜੀ ਅੰਦਰ ਦੀ ਕਰ ਰਹੇ ਹਨ ਉਹ ਬਾਹਰ ਦੀ ਗਲ ਨਹੀਂ ਕਰ ਰਹੇ ਤਾਂ ਫਿਰ ਦੁਲਹਨੀ ਭੀ ਅੰਦਰ ਹੈ। ਨਵੀਆਂ ਵਿਆਹੀਆਂ ਵਹੁਟੀਆਂ ਨੂੰ ਦੁਲਹਨੀ ਕਿਹਾ ਜਾਂਦਾ ਹੈ। ਭਗਤ ਜੀ ਕਹਿੰਦੇ ਹਨ, ਹੇ ਮੇਰੇ ਗਿਆਨ ਇੰਦ੍ਰਿਓ ! ਮੇਰੇ ਭਤਾਰ, ਪਤੀ ਰੂਪ ਪਰਮਾਤਮਾ ਦੇ ਗੁਣ ਗਾਓ ਕਿਉਂਕਿ ਮੇਰੇ ਗ੍ਰਹਿ ਵਿਖੇ ਜਗਤ ਦਾ ਆਧਾਰ ਪਰਮਾਤਮਾ ਮੇਰਾ ਭਤਾਰ ਆ ਰਿਹਾ ਹੈ। ਇਸ ਸ਼ਬਦ ਨੇ ਦੋ ਗੱਲਾਂ ਸਪੱਸ਼ਟ ਕੀਤੀਆਂ ਹਨ। ਪਹਿਲੀ ਗੱਲ ਹੈ-

ਤਨੁ ਰੈਨੀ ਮਨ ਪੁਨ ਰਪਿ ਕਰਿ ਹਉ
ਪਾਚਉ ਤਤ ਬਰਾਤੀ।।
ਰਾਮ ਰਾਇ ਸਿਉ ਭਾਵਰਿ ਲੈਹਉ
ਆਤਮ ਤਿਹ ਰੰਗਿ ਰਾਤੀ।।

(ਪੰਨਾ ੪੮੨)

ਰੈਨੀ ਉਹ ਮਟਕੀ ਹੈ ਜਿਸ ਵਿੱਚ ਰੰਗ ਰੰਗਿਆ ਜਾਂਦਾ ਹੈ। ਇਹ ਤਨ ਰੈਨੀ ਤੋਂ ਭਾਵ ਹੈ ਇਹ ਸਰੀਰ ਮਟਕੀ ਇਸ ਵਿੱਚ ਭਲੇ ਗੁਣਾਂ ਦਾ ਰੰਗ ਹੈ, ਉਸ ਵਿੱਚ ਮੈਂ ਮਨ ਨੂੰ ਰੰਗਿਆ ਹੈ। ਮੈਂ ਮਨ ਨੂੰ ਭਲੇ ਗੁਣਾਂ ਦਾ ਰੰਗ ਦੇ ਦਿੱਤਾ। ਇਹ ਜਿਹੜੇ ਪੰਜਾਂ ਤੱਤਾਂ ਦੇ ਦੈਵੀ ਗੁਣ ਹਨ, ਸਤ, ਸੰਤੋਖ, ਦਇਆ ਧਰਮ ਆਦਿਕ ਇਹ ਮੇਰੇ ਬਰਾਤੀ ਬਣ ਗਏ। ਇਹ ਤੱਤ ਵੀ ਦੈਵੀ ਗੁਣਾਂ ਕਰਕੇ ਬੜੇ ਹੀ ਚੰਗੇ ਲੱਗਦੇ ਹਨ, ਇਉਂ ਲੱਗਦਾ ਹੈ ਜਿਵੇਂ ਕੋਈ ਬਰਾਤੀ ਚੰਗੇ ਕੱਪੜੇ ਪਾ ਕੇ ਆਏ ਹੁੰਦੇ ਹਨ। ਹੁਣ ਮੇਰੀਆਂ ਰਾਮ ਰਾਏ ਨਾਲ ਲਾਂਵਾਂ ਹੋਈਆਂ। ਦੂਸਰੀ ਗੱਲ ਜੋ ਸਪਸ਼ਟ ਹੋਈ ਉਹ ਇਹ ਹੈ -

ਨਾਭਿ ਕਮਲ ਮਹਿ ਬੇਦੀ ਰਚ ਲੇ
ਬ੍ਰਹਮ ਗਿਆਨ ਉਚਾਰਾ।। (ਪੰਨਾ ੪੮੨)

ਵਿਆਹ ਤੋਂ ਪਹਿਲਾਂ ਬੇਦੀ ਬਣਾਈ ਜਾਂਦੀ ਹੈ। ਭਗਤ ਕਬੀਰ ਜੀ ਕਹਿੰਦੇ ਹਨ ਕਿ ਬ੍ਰਹਮ ਗਿਆਨ ਜੋ ਪਰਮਾਤਮਾ ਦਾ ਸ਼ਬਦ ਸੀ, ਉਹ ਸ਼ਬਦ ਬਾਰੰਬਾਰ ਬਾਰੰਬਾਰ ਉਚਾਰਣ ਹੁੰਦੇ ਗਏ ਤੇ ਮੈਂ ਆਪਣੇ ਸੁਆਸਾਂ ਦੀ ਬੇਦੀ ਬਣਾ ਕੇ ਸ਼ਬਦ ਦੇ ਆਲੇ ਦੁਆਲੇ ਪ੍ਰਕਰਮਾਂ ਲੈ ਲਈਆਂ। ਮੰਤ੍ਰਾਂ ਦੀ ਬਜਾਏ ਸ਼ਬਦਾਂ ਦਾ ਉਚਾਰਣ ਹੋ ਰਿਹਾ ਸੀ। ਜਿਵੇਂ ਜਿਵੇਂ ਸ਼ਬਦਾਂ ਦਾ ਉਚਾਰਣ ਹੋ ਰਿਹਾ ਸੀ ਤਾਂ ਮੈਂ ਸੁਆਸਾਂ ਦੀ ਬੇਦੀ ਬਣਾ ਕੇ ਸ਼ਬਦ ਦੇ ਆਲੇ ਦੁਆਲੇ ਪ੍ਰਕਰਮਾਂ ਲਈ।

ਸੁਨਿ ਨਰ ਮੁਨਿ ਜਨ ਕਉਤਕ ਆਏ
ਕੋਟਿ ਤੇਤੀਸ ਉਜਾਨਾ।। (ਪੰਨਾ ੪੮੨)

ਫਿਰ ਚੰਗੇ ਚੰਗੇ ਅਭਿਆਸ ਕਰਨ ਵਾਲੇ, ਸਾਧਨਾ ਕਰਨ ਵਾਲੇ, ਪਰਮਾਤਮਾ ਦੇ ਨਾਮ ਵਿੱਚ ਜੁੜਨ ਵਾਲੇ ਭੀ ਆਏ ਤੇ ਮੇਰੇ ਵਿਆਹ ਵਿੱਚ ਸ਼ਾਮਲ ਹੋਏ। ਫਿਰ ਭਗਤ ਜੀ ਕਹਿੰਦੇ ਹਨ-

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ
ਪੁਰਖ ਏਕ ਭਗਵਾਨਾ।।

ਭਟਕਣਾ ਮੁੱਕ ਜਾਂਦੀ ਹੈ ਜੇਕਰ ਉਹ ਰਸਤਾ ਮਿਲ ਜਾਏ ਜਿਸ ਰਾਹ ਤੇ ਭਗਤ ਕਬੀਰ ਤੁਰੇ ਤੇ ਪਰਮਾਤਮਾ ਨੂੰ ਪਾ ਲਿਆ। ਜੇ ਅਸੀਂ ਵੀ ਤੁਰ ਪਈਏ


www.AKJ.Org

ਤੇ ਅਸੀਂ ਵੀ ਪਰਮਾਤਮਾ ਨੂੰ ਪਾ ਲਈਏ। ਫਿਰ ਤਾਂ ਭਟਕਣਾ ਸੱਚ ਮੁੱਚ ਮੁੱਕ ਜਾਂਦੀ ਹੈ ਪਰ ਜੇ ਗੁਰੂ ਦੀ ਕ੍ਰਿਪਾ ਹੋ ਜਾਏ ਤਾਂ ਹੀ ਕੋਈ ਇਸ ਰਾਹ ਤੇ ਤੁਰ ਸਕਦਾ ਹੈ। ਜਿਹੜੇ ਜਿਹੜੇ ਇਸ ਰਾਹ ਤੇ ਤੁਰੇ ਉਨ੍ਹਾਂ ਦਾ ਜ਼ਿਕਰ ਗੁਰੂ ਸ਼ਬਦ ਵਿੱਚ ਹੈ ਤੇ ਜਿਹੜੇ ਭਰਮਦੇ ਹਨ ਉਨ੍ਹਾਂ ਦਾ ਭੀ ਜ਼ਿਕਰ ਹੈ। ਗੁਰਮੁਖ ਤਾਂ ਸਹਿਜ ਵਿੱਚ ਹੀ ਜਾਗਦੇ ਹਨ ਤੇ ਸਹਜ ਵਿੱਚ ਹੀ ਸੌਂਦੇ ਹਨ। ਇਕ ਵਾਰੀ ਭਾਈ ਵੀਰ ਸਿੰਘ ਜੀ ਆਪਣੇ ਬਗੀਚੇ ਵਿੱਚ ਇੱਕ ਚਿੜੀ ਨੂੰ ਚੋਗ ਚੁਗਦਿਆਂ ਵੇਖ ਰਹੇ ਸਨ। ਜਦੋਂ ਚਿੜੀ ਚੋਗ ਚੁਗ ਰਹੀ ਸੀ ਤਾਂ ਹਰ ਚੋਗ ਚੁਗਦਿਆਂ ਉਹ ਆਪਣਾ ਸੀਸ ਝੁਕਾਉਂਦੀ ਸੀ। ਭਾਈ ਸਾਹਿਬ ਆਪਣੇ ਅਨੁਭਵੀ ਵਿਚਾਰਾਂ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ, "ਹੇ ਚਿੜੀਏ ! ਤੂੰ ਧੰਨ ਹੈ ਜਿਹੜੀ ਹਰ ਚੋਗ ਚੁਗਣ ਲੱਗਿਆ ਆਪਣਾਂ ਸੀਸ ਭੀ ਝੁਕਾਉਂਦੀ ਹੈ ਪਰ ਅਸੀਂ ਕਿੰਨੇ ਨਾਸ਼ੁਕਰੇ ਹਾਂ ਕਿ ਸਭ ਕੁੱਝ ਪਰਮਾਤਮਾ ਤੋਂ ਲੈ ਕੇ ਭੀ ਕਦੇ ਸੀਸ ਨਹੀਂ ਝੁਕਾਇਆ ਤੇ ਕਦੇ ਸ਼ੁਕਰਾਨਾ ਨਹੀਂ ਕੀਤਾ।" ਦੂਸਰੀ ਅਵਸਥਾ ਇਉਂ ਲੱਗਦੀ ਹੈ ਕਿ ਜਦੋਂ ਚਿੜੀ ਨੇ ਚੋਗ ਚੁਗੀ, ਚਿੜੀ ਕੁੱਝ ਦਾਣੇ ਚੁਗ ਕੇ ਉਡਾਰੀ ਮਾਰ ਗਈ। ਕਮਾਲ ਹੋ ਗਈ, ਚਿੜੀ ਦੀ ਕਿਤਨੀ ਅੱਛੀ ਬਿਰਤੀ ਹੈ, ਦਾਣੇ ਤਾਂ ਅਨੇਕਾਂ ਪਏ ਸਨ ਪਰ ਚਿੜੀ ਨੇ ਉਤਨੇ ਹੀ ਦਾਣੇ ਚੁਗੇ ਜਿਤਨੇ ਉਸਨੂੰ ਚਾਹੀਦੇ ਸਨ। ਦਾਣਿਆਂ ਦੀ ਚੋਗ ਚੁਗ ਕੇ ਇਸ ਤਰ੍ਹਾਂ ਸ਼ੁਕਰਾਨੇ ਵਿੱਚ ਉਡਾਰੀ ਮਾਰੀ- "ਸ਼ੁਕਰ ਹੈ ਤੇਰਾ, ਸ਼ੁਕਰ ਹੈ ਤੇਰਾ, ਸ਼ੁਕਰ ਹੈ ਪਰਮੇਸ਼ਰ ਤੇਰਾ ਜਿਸਨੇ ਮੇਰੀ ਤ੍ਰਿਪਤੀ ਕੀਤੀ ਹੈ। ਹੇ ਪਰਮਾਤਮਾ ! ਮੈਨੂੰ ਯਕੀਨ ਹੈ ਕੱਲ੍ਹ ਫਿਰ ਮੈਨੂੰ ਇਹ ਦਾਣੇ ਮਿਲ ਜਾਣਗੇ।" ਸ਼ੁਕਰਾਨਾ ਕਰਦੀ ਕਰਦੀ ਚਿੜੀ ਉਡਾਰੀ ਮਾਰ ਗਈ, ਭਰੋਸੇ ਵਿੱਚ ਉਡਾਰੀ ਮਾਰ ਗਈ ਜਿਸਨੇ ਅੱਜ ਦਿੱਤਾ ਹੈ ਉਹ ਕੱਲ੍ਹ ਭੀ ਦੇਵੇਗਾ। ਜਦੋਂ ਚਿੜੀ ਨੇ ਸ਼ੁਕਰਾਨੇ ਦੀ ਉਡਾਰੀ ਮਾਰੀ, ਬੜੀ ਖੇੜੇ ਵਿੱਚ ਹੈ। ਪਰ ਮਨੁੱਖ ਦੀ ਹਾਲਤ ਵੇਖੋ, ਛੱਕਣ ਤੋਂ ਬਾਅਦ ਬਾਕੀ ਕੁਝ ਰਹਿ ਜਾਵੇ ਉਸਨੂੰ ਭੀ ਨਹੀਂ ਛੱਡਦਾ। ਇਹ ਤਾਂ ਕਲ੍ਹ ਵਾਸਤੇ ਭੀ ਸੋਚਦਾ ਹੈ, ਇਹ ਤਾਂ ਪਰਸੋਂ ਵਾਸਤੇ ਭੀ ਸੋਚੀ ਬੈਠਾ ਹੈ, ਇਹ ਤਾਂ ਅਗਲੇ ਮਹੀਨੇ ਬਾਰੇ ਭੀ ਸੋਚੀ ਬੈਠਾ ਹੈ, ਇਹ ਤਾਂ ਸਾਲਾਂ ਬੱਧੀ ਸੋਚੀ ਬੈਠਾ ਹੈ। ਏਨਾਂ ਕੁੱਝ ਕਰਕੇ ਭੀ ਇਹ ਸ਼ੁਕਰਾਨਾ ਨਹੀਂ ਕਰਦਾ। ਇਸੇ ਕਰਕੇ ਦੁੱਖ ਹਨ, ਇਸੇ ਕਰਕੇ ਕਲੇਸ਼ ਹਨ, ਪਰ ਜੇਕਰ ਕੋਈ ਸ਼ੁਕਰਾਨੇ ਦੀ ਉਡਾਰੀ ਮਾਰੇ, ਹੇ ਪ੍ਰਭੂ ! ਜੋ ਤੁਸੀਂ ਦਿੱਤਾ ਹੈ, ਬੜਾ ਕੁਝ ਦਿੱਤਾ ਹੈ। ਹੇ ਭਾਈ ! ਜੇਕਰ ਤੂੰ ਇਕ ਸੇਰ ਮੰਗਿਆ ਸੀ ਤੇ ਤੈਨੂੰ ਇਕ ਛਟਾਂਕ ਮਿਲ ਗਈ ਹੈ ਤਾਂ ਸ਼ੁਕਰਾਨਾ ਕਰ ਤੇ ਕਹਿ ਹੇ ਪ੍ਰਭੂ ! ਇਹ ਛਟਾਂਕ ਤੇਰੀ ਕਿਤਨੀ ਵੱਡੀ ਹੈ। ਪਰ ਤੂੰ ਇਕ ਛਟਾਂਕ ਮਿਲਣ ਤੇ ਰੋਸ ਇਕ ਸੇਰ ਦਾ ਕਰੀ ਬੈਠਾ ਹੈਂ। ਕਈ ਵਾਰ ਅਸੀਂ ਦੇਖਦੇ ਹਾਂ ਬੰਦੇ ਨੂੰ ਪਰਮਾਤਮਾ ਦਸ ਵਸਤੂਆਂ ਦੇ ਦੇਵੇ ਤੇ ਜਦੋਂ ਅਗਲੀ ਮੰਗੇਗਾ ਕਦੇ ਨਹੀਂ ਕਹੇਗਾ ਕਿ ਮੈਂ ਬਾਰ੍ਹਵੀਂ ਮੰਗ ਰਿਹਾ ਹਾਂ। ਬੰਦਾ ਕਹਿੰਦਾ ਹੈ ,"ਹੇ ਪਰਮਾਤਮਾ ! ਤੇਰੇ ਕੋਲੋਂ ਇਕ ਚੀਜ਼ ਮੰਗੀ ਹੈ ਤੂੰ ਉਹ ਵੀ ਨਹੀਂ ਦਿੰਦਾ।" ਜਿਹੜੀਆਂ ਪਹਿਲਾਂ ਦਸ ਮਿਲੀਆਂ ਹੋਈਆਂ ਹਨ, ਉਨ੍ਹਾਂ ਨੂੰ ਤਾਂ ਚੇਤੇ ਹੀ ਨਹੀਂ ਕਰਦਾ ਸਗੋਂ ਰੋਸ ਕਰਦਾ ਹੈਂ ਕਿ ਹੇ ਪ੍ਰਭੂ ! ਤੁਸੀਂ ਬਾਰ੍ਹਵੀਂ ਵਸਤੂ ਨਹੀਂ ਦਿੱਤੀ। ਇਕ ਵਾਰੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਪਾਸ ਇਕ ਨੌਜੁਆਨ ਆਇਆ ਜੋ ਕਈ ਦਿਨਾਂ ਦਾ ਭੁੱਖਾ ਸੀ, ਉਸ ਨੂੰ ਪ੍ਰਸ਼ਾਦਾ ਨਹੀਂ ਮਿਲਿਆ ਸੀ। ਬਾਬਾ ਜੀ ਉਸਨੂੰ ਜਲ ਛਕਾਉਣ ਲੱਗੇ। ਬਾਬਾ ਜੀ ਦੇ ਮੂੰਹੋਂ ਨਿਕਲਿਆ, "ਵਾਹਿਗੁਰੂ ਕਹਿ ਕੇ ਜਲ ਛਕ ਲੈ।" ਨੌਜੁਆਨ ਕਹਿਣ ਲੱਗਾ, " ਮੈਂ ਵਾਹਿਗੁਰੂ ਕਿਉਂ ਕਹਾਂ, ਮੈਨੂੰ ਵਾਹਿਗੁਰੂ ਨੇ ਕੀ ਦਿੱਤਾ ਹੈ? ਕਿੰਨੇ ਦਿਨਾਂ ਤੋਂ ਭੁਖਾ ਮਾਰ ਛਡਿਆ ਹੈ। ਮੈਂ ਵਾਹਿਗੁਰੂ ਕਿਉਂ ਬੋਲਾਂ, ਮੈਂ ਵਾਹਿਗੁਰੂ ਨਹੀਂ ਬੋਲਦਾ।" ਬਾਬਾ ਜੀ ਨੇ ਉਸ ਨੂੰ ਗਲ ਨਾਲ ਲਗਾਇਆ। ਉਸ ਨੂੰ ਅੰਦਰ ਲੈ ਗਏ, ਉਸ ਨੂੰ ਅੱਛੇ ਕੱਪੜੇ ਦਿੱਤੇ, ਉਸ ਦੀ ਸੇਵਾ ਕੀਤੀ, ਪ੍ਰਸ਼ਾਦਾ ਛਕਾਇਆ। ਕਈ ਦਿਨ ਉਸ ਨੂੰ ਆਪਣੇ ਪਾਸ ਰੱਖਿਆ। ਜਦੋਂ ਕਈ ਦਿਨਾਂ ਬਾਅਦ ਉਹ ਜਾਣ ਲੱਗਿਆ ਤਾਂ ਬਾਬਾ ਜੀ ਕਹਿਣ ਲੱਗੇ ,"ਹੋਰ ਕੁਝ ਚਾਹੀਦਾ ਹੈ ?" ਨੌਜੁਆਨ ਕਹਿਣ ਲੱਗਾ, "ਕੁੱਝ ਨਹੀਂ ਚਾਹੀਦਾ।" ਬਾਬਾ ਜੀ ਕਹਿਣ ਲੱਗੇ, "ਹੋਰ ਕੁੱਝ ਲੈ ਲੈ।" ਨੌਜੁਆਨ ਕਹਿਣ ਲੱਗਾ, "ਵਾਹਿਗੁਰੂ ਨੇ ਬਹੁਤ ਕੁੱਝ ਦਿੱਤਾ ਹੈ, ਤੁਸੀਂ ਬੜਾ ਕੁੱਝ ਦਿੱਤਾ ਹੈ, ਬੜੀ ਬਖਸ਼ਿਸ਼ ਕੀਤੀ ਹੈ। ਮੇਰੇ ਗੋਚਰੇ ਕੋਈ ਸੇਵਾ ਹੋਵੇ ਤਾਂ ਦੱਸ ਦੇਣਾ।" ਬਾਬਾ ਜੀ ਕਹਿਣ ਲੱਗੇ, "ਇੱਕ ਸੇਵਾ ਕਰੇਂਗਾ ?" ਨੌਜੁਆਨ ਕਹਿਣ ਲੱਗਾ, "ਜ਼ਰੂਰ ਕਰਾਂਗਾ।" ਬਾਬਾ ਜੀ ਕਹਿਣ ਲੱਗੇ, "ਇੱਕ ਸੌ ਰੁਪਿਆ ਮੇਰੇ ਪਾਸੋਂ ਲੈ ਲੈ ਤੇ ਇਸਦੇ ਬਦਲੇ ਮੈਨੂੰ ਆਪਣਾ ਇੱਕ ਹੱਥ ਕੱਟਕੇ ਦੇ ਦੇ।" ਨੌਜੁਆਨ ਕਹਿਣ ਲੱਗਾ ਕਿ ਇਹ ਤੁਸੀਂ ਚੰਗੀ ਮੇਰੀ ਸੇਵਾ ਕੀਤੀ ਹੈ, ਹੁਣ ਮੇਰਾ ਹੱਥ ਕੱਟਣ ਲੱਗੇ ਹੋ ! ਬਾਬਾ ਜੀ ਕਹਿਣ ਲੱਗੇ, ! ਜੇ ਸੌਦਾ ਮਨਜ਼ੂਰ ਨਹੀਂ ਤਾਂ ਇਕ ਹਜ਼ਾਰ ਰੁਪਏ ਲੈ ਲੈ ਤੇ ਆਪਣੀ ਇੱਕ ਅੱਖ ਕੱਢਕੇ ਦੇ ਦੇ।" ਨੌਜੁਆਨ ਕਹਿਣ ਲੱਗਾ ਕਿ ਇਹ ਕੇਸੀਆਂ ਗੱਲਾਂ ਕਰਦੇ ਹੋ ? ਬਾਬਾ ਜੀ ਕਹਿਣ ਲੱਗੇ ਕਿ ਮੈਂ ਇੱਕ



www.AKJ.Org

ਗੱਲ ਤੇਰੇ ਕੋਲੋਂ ਪੁੱਛਣਾ ਚਾਹੁੰਦਾ ਹਾਂ, ਜਦੋਂ ਤੂੰ ਮੇਰੇ ਪਾਸ ਆਇਆ ਸੀ ਤੇ ਪਾਣੀ ਪੀਣ ਲੱਗਿਆਂ ਮੈਂ ਤੈਨੂੰ ਵਾਹਿਗੁਰੂ ਜਪਣ ਲਈ ਕਿਹਾ ਸੀ, ਕੀ ਉਸ ਵਕਤ ਤੇਰੇ ਪਾਸ ਇਹ ਹੱਥ ਸਨ ? ਉਸ ਵਕਤ ਤੇਰੇ ਪਾਸ ਅੱਖਾਂ ਸਨ ? ਨੌਜੁਆਨ ਕਹਿੰਦਾ, ਇਹ ਚੀਜ਼ਾਂ ਸਨ। ਫਿਰ ਤੂੰ ਇਹ ਕਿਵੇਂ ਕਹਿ ਦਿੱਤਾ ਕਿ ਮੈਨੂੰ ਪਰਮਾਤਮਾ ਨੇ ਕੁੱਝ ਨਹੀਂ ਦਿੱਤਾ ? ਤੂੰ ਦਿੱਤੇ ਹੋਏ ਤੋਂ ਮੁੱਕਰ ਗਿਆ। ਬੰਦਾ ਇੱਕ ਵਾਰੀ ਮੁੱਕਰ ਜਾਏ ਤਾਂ ਬੰਦਾ ਬੰਦੇ ਤੇ ਇਤਬਾਰ ਨਹੀਂ ਕਰਦਾ, ਤਾਂ ਪਰਮਾਤਮਾ ਤੇਰੇ ਤੇ ਕਿਉਂ ਇਤਬਾਰ ਕਰੇਗਾ ? ਸਤਿਗੁਰੂ ਜੀ ਤਾਂ ਇਥੋਂ ਤੱਕ ਕਹਿੰਦੇ ਹਨ -

ਸਤਿਗੁਰ ਕੀ ਪਰਤੀਤ ਨ ਆਈਆ
ਸਬਦਿ ਨ ਲਾਗੋ ਭਾਉ।। (ਪੰਨਾ ੫੯੧)

ਜੇ ਤੈਨੂੰ ਸਤਿਗੁਰਾਂ ਤੇ ਪ੍ਰਤੀਤ ਨਹੀਂ, ਜੇ ਤੇਰਾ ਸ਼ਬਦ ਨਾਲ ਪਿਆਰ ਨਹੀਂ, ਬੇਸ਼ਕ ਤੂੰ ਸਤਿਗੁਰ ਦੇ ਦਰ ਤੇ ਸੌ ਵਾਰੀ ਆ ਤੇ ਸੌ ਵਾਰੀ ਜਾ, ਤੈਨੂੰ ਸੁੱਖ ਨਹੀਂ ਮਿਲੇਗਾ। ਸਤਿਗੁਰਾਂ ਦਾ ਸਪਸ਼ਟ ਫੈਸਲਾ ਹੈ, ਜਦੋਂ ਇਥੇ ਆਉਣਾ ਹੈ, ਪ੍ਰਤੀਤ ਰੱਖਕੇ ਆਉਣਾ ਹੈ। ਜੇ ਸਤਿਗੁਰਾਂ ਤੇ ਪ੍ਰਤੀਤ ਹੀ ਨਹੀਂ, ਮੱਥਾ ਇਥੇ ਟੇਕੇਂ ਤੇ ਆਸ ਕਿਸੇ ਹੋਰ ਤੋਂ ਰੱਖੇਂ, ਅਰਦਾਸ ਗੁਰੂ ਘਰ ਵਿੱਚ ਆ ਕੇ ਕਰੇਂ ਤੇ ਪੂਜਾ ਹੋਰ ਕਿਸੇ ਦੀ ਕਰੇਂ, ਗੱਲ ਤੂੰ ਪਰਮਾਤਮਾ ਦੀ ਕਰੇਂ ਤੇ ਟੇਕ ਮਨੁੱਖ ਦੀ ਰੱਖੀ ਬੈਠੋਂ, ਇਥੇ ਗੱਲ ਕਰੇਂ, ਪਰਮਾਤਮਾ ਸਾਰਿਆਂ ਵਿੱਚ ਹੈ, ਜ਼ੱਰੇ ਜ਼ੱਰੇ ਵਿੱਚ ਹੈ, ਘਟ ਘਟ ਵਿੱਚ ਹੈ, ਜਿਸ ਵਿੱਚ ਵੇਖੀਏ ਪਰਮਾਤਮਾ ਦਾ ਨੂਰ ਹੈ ਤੇ ਬਾਹਰ ਬੰਦਾ ਬੰਦੇ ਨੂੰ ਨਫ਼ਰਤ ਕਰੇ ਤਾਂ ਕਿਥੇ ਪ੍ਰਤੀਤ ਹੈ ? ਜੇ ਪ੍ਰਤੀਤ ਨਹੀਂ ਹੋਏਗੀ ਤਾਂ ਸਤਿਗੁਰਾਂ ਨੇ ਕਹਿ ਦਿੱਤਾ, ਤੇਰਾ ਗਾਵਿਆ ਵੀ ਪ੍ਰਵਾਣ ਨਹੀਂ, ਤੇਰਾ ਬੋਲਿਆ ਵੀ ਪ੍ਰਵਾਣ ਨਹੀਂ।

"ਜਿਸ ਨੋ ਪ੍ਰਤੀਤਿ ਹੋਵੈ ਤਿਸਦਾ ਗਾਵਿਆ ਥਾਇ ਪਵੈ"
(ਪੰਨਾ ੭੩੪)

ਗੁਰੂ ਅਰਜਨ ਦੇਵ ਜੀ ਨੇ ਸਪਸ਼ਟ ਕਰ ਦਿੱਤਾ-
ਆਪਨੀ ਪ੍ਰਤੀਤਿ ਆਪ ਹੀ ਖੋਵੈ।।
ਬਹੁਰਿ ਉਸ ਕਾ ਬਿਸ੍ਵਾਸ ਨਾ ਹੋਵੈ।।
(ਪੰਨਾ ੨੬੮)

ਪ੍ਰਤੀਤ ਤੋਂ ਬਿਨਾਂ ਕੋਈ ਭਰੋਸਾ ਨਹੀਂ ਕਰ ਸਕਦਾ। ਸੋ ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਸ਼ੁਕਰਾਨਾ ਕਰਿਆ ਕਰੀਏ। ਸੱਚੀ ਗੱਲ ਤਾਂ ਇਹ ਹੈ, ਜਨਮਾਂ ਜਨਮਾਂ ਦਾ ਕਰਜਾ ਉਤਰ ਸਕਦਾ ਹੈ। ਸ਼ੁਕਰਾਨਾ ਕਰਦੇ ਜਾਣਾ, ਸ਼ੁਕਰਾਨਾ ਕਰਦੇ ਜਾਣਾ, ਕਿਸ਼ਤਾਂ ਮੋੜਦੇ ਜਾਣਾ, ਕਿਸ਼ਤਾਂ ਮੋੜਦੇ ਜਾਣਾ, ਕਰਜ਼ਾ ਉੱਤਰ ਜਾਏਗਾ। ਪਰਮਾਤਮਾ ਦੀ ਬਖਸ਼ਿਸ਼ ਤੇ ਸ਼ੁਕਰਾਨਾ ਕਰਦੇ ਜਾਣਾ, ਤੁਸੀਂ ਸ਼ੁਕਰਾਨਾ ਕਰੀ ਜਾਓ ਪਰਮਾਤਮਾ ਤੁਹਾਡੇ ਤੇ ਭਰੋਸਾ ਕਰਦਾ ਜਾਏਗਾ ਤੇ ਹੋਰ ਦਿੰਦਾ ਜਾਏਗਾ। ਬਖਸ਼ਿਸ਼ ਪਰਮਾਤਮਾ ਕਰੀ ਜਾਏਗਾ, ਤੁਸੀਂ ਸ਼ੁਕਰਾਨਾ ਕਰਦੇ ਜਾਣਾ। ਫਿਰ ਸਾਡੇ ਵਿੱਚ ਆਤਮਕ ਅਡੋਲਤਾ ਆ ਜਾਏਗੀ। ਜਿਸਦੇ ਅੰਦਰ ਆਤਮਕ ਅਡੋਲਤਾ ਆ ਗਈ ਉਹ ਆਤਮਕ ਅਡੋਲਤਾ ਵਿੱਚ ਸੌਵੇਂਗਾ, ਆਤਮਕ ਅਡੋਲਤਾ ਵਿੱਚ ਜਾਗੇਗਾ, ਉਸਨੂੰ ਕੋਈ ਚਿੰਤਾ ਨਹੀਂ ਹੋਵੇਗੀ, ਉਹ ਬਿਨਾਂ ਚਿੰਤਾ ਤੋਂ ਸੌਂ ਜਾਵੇਗਾ। ਜਦੋਂ ਤੱਕ ਅਸੀਂ ਪ੍ਰੇਮ ਦੀ ਵਸਤੂ ਨੂੰ ਨਹੀਂ ਅਪਣਾਅ ਲੈਂਦੇ ਉਤਨੀ ਦੇਰ ਤੱਕ ਭਟਕਣਾ ਨਹੀਂ ਜਾ ਸਕਦੀ। ਪ੍ਰੇਮ ਅਸੀਮ ਹੁੰਦਾ ਹੈ, ਉਹ ਸੀਮਾ ਵਿੱਚ ਨਹੀਂ ਆਉਂਦਾ, ਜਿਹੜਾ ਸੀਮਾ ਵਿੱਚ ਆ ਜਾਏ ਉਹ ਮੋਹ ਹੁੰਦਾ ਹੈ। ਜੇ ਸੱਚ ਮੁੱਚ ਪ੍ਰੇਮ ਕਰਨਾ ਹੈ ਤਾਂ ਪ੍ਰੇਮ ਦੀ ਇੱਕ ਅਵਸਥਾ ਹੈ। ਜਿਹੜਾ ਬੰਦਾ ਆਪਣੇ ਬੱਚੇ ਨਾਲ ਪ੍ਰੇਮ ਕਰਦਾ ਹੈ ਜੇ ਗਵਾਂਢੀਆਂ ਦੇ ਬੱਚੇ ਨਾਲ ਭੀ ਉਤਨਾ ਹੀ ਪ੍ਰੇਮ ਕਰੇ ਤਾਂ ਪ੍ਰੇਮ ਹੈ ਨਹੀਂ ਤਾਂ ਮੋਹ ਹੈ। ਮੋਹ ਗੰਧਲਾ ਹੋ ਜਾਂਦਾ ਹੈ, ਮੋਹ ਨਫ਼ਰਤ ਪੈਦਾ ਕਰਦਾ ਹੈ, ਮੋਹ ਹਮੇਸ਼ਾਂ ਹੀ ਲਿਆ ਜਾਂਦਾ ਹੈ, ਪ੍ਰੇਮ ਹਮੇਸ਼ਾਂ ਹੀ ਦਿੱਤਾ ਜਾਂਦਾ ਹੈ। ਪ੍ਰੇਮੀ ਪ੍ਰੇਮ ਕਰਦਾ ਹੈ, ਪ੍ਰੇਮ ਵੰਡਦਾ ਹੀ ਰਹਿੰਦਾ ਹੈ ਚਾਹੇ ਕੋਈ ਉਸ ਨਾਲ ਪ੍ਰੇਮ ਕਰੇ ਜਾਂ ਨਾਂ ਕਰੇ। ਪ੍ਰੇਮੀ ਨੇ ਪ੍ਰੇਮ ਕਰਨਾ ਹੀ ਕਰਨਾ ਹੈ। ਮੋਹ ਵਾਲਾ ਤਾਂ ਕਹਿੰਦਾ ਹੈ ਪਹਿਲਾਂ ਮੇਰੇ ਨਾਲ ਕੋਈ ਮੋਹ ਕਰੇ ਤਾਂ ਮੈਂ ਕਰਾਂਗਾ। ਭਟਕਣਾ ਦੀ ਗੱਲ ਤਾਂ ਹੀ ਮੁੱਕ ਸਕਦੀ ਹੈ ਜੇ ਅਸੀਂ ਮੋਹ ਦੇ ਜਾਲ ਵਿਚੋਂ ਨਿਕਲ ਕੇ ਪ੍ਰੇਮ ਵਲ ਆ ਜਾਈਏ। ਕਾਲੀ ਮੱਝ ਕਦੇ ਕਾਲੇ ਰੰਗ ਦਾ ਦੁੱਧ ਨਹੀਂ ਦਿੰਦੀ। ਭੂਰੇ ਰੰਗ ਦੀ ਗਊ ਕਦੇ ਭੂਰਾ ਦੁੱਧ ਨਹੀਂ ਦਿੰਦੀ। ਚਾਹੇ ਕਾਲੀ ਮੱਝ ਹੋਵੇ ਚਾਹੇ ਭੂਰੀ ਗਊ ਹੋਵੇ, ਚਾਹੇ ਸਫੈਦ ਗਊ ਹੋਵੇ, ਦੁੱਧ ਦਾ ਰੰਗ ਸਭ ਵਿੱਚੋਂ ਇਕੋ ਜਿਹਾ ਹੈ। ਪਰਮਾਤਮਾ ਦੀ ਜੋਤ ਸਭ ਵਿੱਚ ਇਕੋ ਜਿਹੀ ਹੈ। ਚਾਹੇ ਕਿਸੇ ਦਾ ਕਿਹੋ ਜਿਹਾ ਭੀ ਸਰੂਪ ਹੈ, ਚਾਹੇ ਕਿਸੇ ਦੀ ਕਿਹੋ ਜਿਹੀ ਭੀ ਬੋਲੀ ਹੈ, ਕਿਸੇ ਤਰ੍ਹਾਂ ਦੀ ਆਵਾਜ਼ ਹੈ, ਕੋਈ ਕਿੱਥੇ ਰਹਿੰਦਾ ਹੈ, ਕੋਈ ਕਿੱਥੇ ਰਹਿੰਦਾ ਹੈ, ਪਰਮਾਤਮਾ ਦੀ ਜੋਤ ਸਾਰਿਆਂ ਵਿੱਚ ਇਕੋ ਜਿਹੀ ਹੈ। ਪਿਆਰ ਬਹੁਤ ਵੱਡੀ ਅਮੁੱਲ ਦਾਤ ਹੈ, ਇਸਨੂੰ ਕਦੇ ਤਿਆਗਣਾ ਨਹੀਂ। ਜਿਨ੍ਹਾਂ ਨੇ ਪ੍ਰੇਮ ਤਿਆਗ ਦਿੱਤਾ ਉਨ੍ਹਾਂ ਨੂੰ ਕਦੇ ਭੀ ਪਰਮਾਤਮਾ ਪ੍ਰਾਪਤ ਨਹੀਂ ਹੋ ਸਕਦਾ।

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।੯।।
(ਤ੍ਵਪ੍ਰਸਾਦਿ ਸਵੱਯੇ, ਪਾ: ੧੦)

□□□□□


www.AKJ.Org

# ਜੇਹਾ ਬੀਜੈ ਸੋ ਲੁਣੈ

(ਭਾਈ ਸੇਵਾ ਸਿੰਘ, ਰਾਮਪੁਰ ਖੇੜਾ)

ਬਾਬਾ ਹਰਨਾਮ ਸਿੰਘ ਜੀ ਦਾ ਇਕ ਪ੍ਰੇਮੀ ਜਲੰਧਰ ਛਾਉਣੀ ਦੇ ਬਿਲਕੁਲ ਨਜ਼ਦੀਕ ਪਿੰਡ ਵਿੱਚ ਰਹਿੰਦਾ ਸੀ ਜੋ ਗੁਰੂ ਘਰ ਦਾ ਪ੍ਰੇਮੀ ਵੀ ਸੀ ਪਰ ਦੁਨਿਆਵੀਂ ਪ੍ਰਭਾਵਾਂ ਅਧੀਨ ਕਈ ਵਾਰੀ ਸੁਰਤ ਦਬੇਲ ਵੀ ਹੋ ਜਾਂਦੀ ਸੀ। ਉਸ ਗੁਰਮੁਖ ਨੇ ਆਪਣੀ ਬੱਚੀ ਦਾ ਰਿਸ਼ਤਾ ਦੁਨਿਆਵੀ ਤੌਰ ਤੇ ਇੱਕ ਮਾਇਆਧਾਰੀ ਘਰ ਵਿੱਚ ਕੀਤਾ। ਵਿਆਹ ਦਾ ਦਿਨ ਮੁਕੱਰਰ ਹੋ ਗਿਆ। ਲੈਣ ਦੇਣ ਦੀਆਂ ਸ਼ਰਤਾਂ ਵੀ ਤਹਿ ਹੋ ਗਈਆਂ। ਅਖੀਰ ਬਰਾਤ ਦੇ ਪ੍ਰਸ਼ਾਦੇ ਦੀ ਗੱਲ ਤਹਿ ਕਰਨ ਤੇ ਬਰਾਤੀ ਘਰ ਵਾਲਿਆਂ ਨੇ ਮਾਸ ਸ਼ਰਾਬ ਦੀ ਮੰਗ ਕੀਤੀ। ਇਸ ਪ੍ਰੇਮੀ ਨੇ ਥੋੜ੍ਹੀ ਨਾਂਹ ਨੁੱਕਰ ਤਾਂ ਕੀਤੀ ਪਰ ਨਾਲ ਹੀ ਮਨ ਵਿੱਚ ਇਹ ਵੀ ਖਿਆਲ ਪ੍ਰਬਲ ਬਣੇ ਕਿ ਜੇ ਮੈਂ ਇਨ੍ਹਾਂ ਦੀ ਇਹ ਇੱਛਾ ਪੂਰੀ ਨਾ ਕੀਤੀ ਤਾਂ ਸ਼ਾਇਦ ਕਿਤੇ ਇਹ ਰਿਸ਼ਤੇ ਨੂੰ ਜਵਾਬ ਨਾ ਦੇ ਦੇਣ। ਬਣਨ ਵਾਲੇ ਰਿਸ਼ਤੇਦਾਰਾਂ ਦੇ ਪ੍ਰਭਾਵ ਅਧੀਨ ਮਾਸ ਸ਼ਰਾਬ ਦੀ ਦਾਅਵਤ ਦੇਣੀ ਮੰਨ ਲਈ। ਅਨੰਦ ਕਾਰਜ ਦੇ ਦਿਨ ਨੇੜੇ ਆਉਂਦੇ ਗਏ। ਲੜਕੀ ਦੇ ਅਨੰਦ ਕਾਰਜ ਦਾ ਸੱਦਾ ਪੱਤਰ ਦੇਣ ਉਹ ਪ੍ਰੇਮੀ ਬਾਬਾ ਜੀ ਪਾਸ ਵੀ ਪੁੱਜਾ ਤੇ ਬੇਨਤੀ ਕੀਤੀ ਕਿ ਆਪ ਜੀ ਨੇ ਵੀ ਅਨੰਦ ਕਾਰਜ ਦੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰਨੀ।

ਬਾਬਾ ਜੀ ਨੇ ਉਹਨੂੰ ਪੁੱਛਿਆ ਕਿ ਕਿੱਥੇ ਰਿਸ਼ਤਾ ਕੀਤਾ ਹੈ ? ਦੱਸਣ ਉਪਰੰਤ ਚਲਦੀਆਂ ਗੱਲਾਂ ਵਿੱਚ ਉਸ ਪ੍ਰੇਮੀ ਨੇ ਇਹ ਵੀ ਦੱਸ ਦਿੱਤਾ ਕਿ ਮੈਂ ਜਾਈ ਰਿਸ਼ਤੇਦਾਰਾਂ ਦੇ ਪ੍ਰਭਾਵ ਅਧੀਨ ਮਾਸ ਸ਼ਰਾਬ ਦੀ ਰੋਟੀ ਕਰਨ ਲਈ ਵੀ ਹਾਂ ਕਰ ਦਿੱਤੀ ਹੈ।

ਬਾਬਾ ਜੀ ਉਸ ਪ੍ਰੇਮੀ ਦੀ ਸਾਰੀ ਗੱਲਬਾਤ ਸੁਣਕੇ, ਇਕ ਠੰਢਾ ਜਿਹਾ ਸਾਹ ਲੈ ਕੇ, ਉਸ ਨੂੰ ਕਹਿਣ ਲੱਗੇ, ਭਲਿਆ ਲੋਕਾ ! ਆਪਣੀ ਸੁਰਤ ਨੂੰ ਦੁਬੇਲ ਕਰ ਕੇ ਕੁੜਮਾਂ ਦੇ ਦੁਨਿਆਵੀ ਪ੍ਰਭਾਵ ਅਧੀਨ ਗੁਰੂ ਨੂੰ ਪਿੱਠ ਦੇਣੀ ਤੇ ਨਾ ਕਰਨ ਯੋਗ ਕਰਮ ਨੂੰ ਕਰਨਾ, ਇਹ ਬਹੁਤ ਮਾੜਾ ਹੈ। ਇਸ ਤਰ੍ਹਾਂ ਗੁਰੂ ਦੀ ਨਰਾਜ਼ਗੀ ਲੈ ਕੇ ਅਸੀਂ ਕੀ ਖੱਟਾਂਗੇ ? ਬੱਚੀਆਂ ਦੇ ਵਿਆਹ ਕਰਨੇ ਨੂੰ ਸਿਆਣੇ ਲੋਕ ਬਹੁਤ ਵੱਡਾ ਦਾਨ ਪੁੰਨ ਕਰਨਾ ਸਮਝਦੇ ਹਨ। ਇੱਕ ਪਾਸੇ ਤੁਸੀਂ ਪੁੰਨ ਕਰਨਾ ਹੈ ਤੇ ਦੂਜੇ ਪਾਸੇ ਪਤਾ ਨਹੀਂ ਕਿੰਨੇ ਕੁ ਜੀਵਾਂ ਦੀ ਹੱਤਿਆਂ ਹੋਣੀ ਹੈ ਤੇ ਉਹ ਵੀ ਥੋੜ੍ਹੇ ਚਿਰ ਜੀਭ ਦੇ ਸੁਆਦ ਦੀ ਖਾਤਰ। ਕੀ ਤੂੰ ਕਬੀਰ ਦਾ ਬਚਨ ਨਹੀਂ ਸੁਣਿਆ ?

ਕਬੀਰ ਜੋਰੁ ਕੀਆ ਸੁ ਜੁਲਮੁ ਹੈ
ਲੇਇ ਜਬਾਬੁ ਖੁਦਾਇ।।
ਦਫਤਰਿ ਲੇਖਾ ਨੀਕਸੈ
ਮਾਰ ਮੁਹੈ ਮੁਹਿ ਖਾਇ।।੨੦੦।।

(ਸਲੋਕ ਕਬੀਰ ਜੀ, ਪੰਨਾ ੧੩੭੫)

ਵਿਆਹ ਉਪਰੰਤ ਲੜਕੀ ਤਾਂ ਆਪਣੇ ਘਰ ਚਲੀ ਜਾਵੇਗੀ ਪਰ ਇੰਨੇ ਜੀਵਾਂ ਦੀ ਹੱਤਿਆ ਦਾ ਕੌਣ ਭਾਗੀ ਬਣੇਗਾ ? ਯਾਦ ਰੱਖਣਾ, ਇਨ੍ਹਾਂ ਜੀਵਾਂ ਦੀ ਹੱਤਿਆ ਦਾ ਲੇਖਾ, ਇੱਥੇ ਅਤੇ ਅੱਗੇ, ਤੈਨੂੰ ਹੀ ਦੇਣਾ ਪੈਣਾ ਹੈ। ਜੇ ਤੁਹਾਡੀ ਬੀਬਾ ਦਾ ਦਾਣਾ ਪਾਣੀ ਉਸ ਘਰ ਵਿੱਚ ਹੈ ਤਾਂ ਅਵੱਸ਼ ਹੀ ਉਸ ਨੇ ਉਸ ਘਰ ਵਿੱਚ ਖਾਣਾ ਹੈ। ਮਾਸ ਸ਼ਰਾਬ ਦੀਆਂ ਦਾਅਵਤਾਂ ਦੇਣ ਨਾਲ ਦਾਣਾ ਪਾਣੀ ਵੱਧ ਨਹੀਂ ਜਾਣਾ ਤੇ ਨਾ ਦੇਣ ਨਾਲ ਉਸ ਦਾ ਸੰਬੰਧ ਖਤਮ ਨਹੀਂ ਹੋ ਜਾਣਾ। ਜੇ ਤੁਸੀਂ ਗੁਰਸਿੱਖ ਅੰਮ੍ਰਿਤ ਛੱਕ ਕੇ ਇਹੋ ਜਿਹੇ ਮਨਮੁੱਖਤਾਈ ਦੇ ਕਰਮ ਕਰਨ ਲੱਗ ਪਏ ਤਾਂ ਬਾਕੀ ਕਿਹੜੇ ਖੂਹ ਖਾਤੇ ਵਿੱਚ ਡਿੱਗਣਗੇ ? ਗੁਰਸਿੱਖ ਨੂੰ ਆਪਣੇ ਅਸੂਲ ਦਾ ਤਿਆਗ ਨਹੀਂ ਕਰਨਾ ਚਾਹੀਦਾ। ਜੋ ਅਸੂਲ ਦਾ ਤਿਆਗ ਕਰ ਦਿੰਦਾ ਹੈ, ਉਸ ਦੇ ਪੱਲੇ ਲੋਕ ਪ੍ਰਲੋਕ ਦੇ ਧੱਕੇ ਹੀ ਪੈਂਦੇ ਹਨ।

ਜੇ ਤੁਸੀਂ ਗੁਰਸਿੱਖ ਸਜ ਕੇ ਇਹੋ ਜਿਹੇ ਕਰਮ ਕਰੋਗੇ ਤਾਂ ਬਾਕੀਆਂ ਨੂੰ ਕਿਸ ਮੂੰਹ ਨਾਲ ਤੁਸੀਂ ਅਸੀਂ ਇਨ੍ਹਾਂ ਮਾੜੇ ਕਰਮਾਂ ਤੋਂ ਬਚਣ ਲਈ ਕਹਿ ਸਕਦੇ ਹਾਂ ? ਕਹਿ ਉਹ ਹੀ ਸਕਦਾ ਜੋ ਆਪ ਅਮਲੀ ਜੀਵਨ ਦਾ ਧਾਰਨੀ ਹੈ। ਜੋ ਦਿਖਾਵੇ ਵਿੱਚ ਹੋਰ ਹੈ ਅਤੇ ਕਰਨੀ ਵਿੱਚ ਹੋਰ ਹੈ, ਉਹ ਗੁਰੂ ਦਰ ਪ੍ਰਵਾਨ ਨਹੀਂ। ਸੋ ਅਜੇ ਵੀ ਸਮਾਂ ਹੈ, ਵਿਚਾਰ ਕਰ ਲਵੇ, ਗੁਰੂ ਹੁਕਮ ਨੂੰ ਵਿਚਾਰੋ :

ਜਿਨ ਮਨਿ ਹੋਰੁ ਮੁਖਿ ਹੋਰੁ
ਸਿ ਕਾਂਢੇ ਕਚਿਆ।।੧।।

(ਪੰਨਾ ੪੮੮)

ਉਹ ਪ੍ਰੇਮੀ ਨਿੰਮੋਝੂਣਾ ਹੋਇਆ ਬਾਬਾ ਜੀ ਦੇ ਬਚਨ ਸੁਣੀ ਗਿਆ ਤੇ ਅੰਤ ਵਿੱਚ ਅਨੰਦ ਕਾਰਜ ਦੇ ਸਮੇਂ ਸ਼ਾਮਲ ਹੋਣ ਲਈ ਆਪ ਨੂੰ ਬੇਨਤੀ ਕੀਤੀ। ਆਪ ਜੀ ਨੇ ਉੱਤਰ ਦਿੱਤਾ ਕਿ ਇਹੋ ਜਿਹੇ ਅਨੰਦ ਕਾਰਜ ਦੇ ਸਮੇਂ ਜਿੱਥੇ ਜੀਭ ਦੇ ਸੁਆਦ ਦੀ ਖਾਤਰ ਜੀਵਾਂ ਦਾ ਘਾਣ ਕੀਤਾ ਜਾਣਾ ਹੈ,



www.AKJ.Org

ਜਿੱਥੇ ਗੁਰੂ ਦੇ ਦੱਸੇ ਮਾਰਗ ਦਾ ਤਿਆਗ ਕਰਕੇ ਲੋਕਾਚਾਰੀ ਲਈ ਅਸੂਲ ਦਾ ਤਿਆਗ ਕੀਤਾ ਜਾਣਾ ਹੈ, ਸਾਡਾ ਸ਼ਾਮਲ ਹੋਣਾ ਮੁਸ਼ਕਿਲ ਹੈ।

ਥੋੜ੍ਹਾ ਚਿਰ ਬੈਠ ਕੇ ਉਹ ਪ੍ਰੇਮੀ ਆਪਣੇ ਨਗਰ ਚਲੇ ਗਿਆ। ਨੀਯਤ ਕੀਤੇ ਦਿਨ ਬਰਾਤ ਆਈ। ਇੱਕ ਪਾਸੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਅਨੰਦ ਕਾਰਜ ਹੋ ਰਿਹਾ ਸੀ ਤੇ ਦੂਸਰੇ ਪਾਸੇ ਥੋੜੀ ਦੂਰ ਹੀ ਸੋਗ ਵਿੱਚ ਗ੍ਰਸੇ ਮੈਂ ਮੈਂ ਕਰਦੇ ਛੇਲੇ ਕਿਸੇ ਦੀ ਜੀਭ ਦਾ ਸੁਆਦ ਪੂਰਾ ਕਰਨ ਲਈ ਆਪਣੇ ਅੰਤ ਦੀ ਉਡੀਕ ਕਰ ਰਹੇ ਸਨ।

ਦੁਪਹਿਰ ਤੱਕ ਇਹ ਅਨੰਦ ਤੇ ਸੋਗ ਦਾ ਰਲਵਾਂ ਸਮਾਗਮ ਸਮਾਪਿਤ ਹੋਇਆ। ਬਰਾਤੀ ਖਾ ਪੀ ਕੇ ਡਿੱਗਦੇ ਢਹਿੰਦੇ ਆਪਣੇ ਘਰੀ ਪੁੱਜੇ। ਉਨ੍ਹਾਂ ਪਾਸੋਂ ਬਚਿਆ ਖੁਚਿਆ ਮਾਲ ਮਾਂਵੀਆ ਨੇ ਚਰੂੰਡ ਸੁੱਟਿਆ ਤੇ ਰਹਿੰਦੀ ਸ਼ਰਾਬ ਪੀ ਕੇ ਕੋਈ ਕਿਤੇ ਪੈ ਡਿੱਗਿਆ ਤੇ ਕੋਈ ਕਿਤੇ। ਇਕ ਗੱਲੋ ਤਾਂ ਮੌਜ ਸੀ ਕਿ ਘਰ ਵਾਲਿਆ ਨੂੰ ਬਿਸਤਰਿਆਂ ਦੀ ਜਾਂ ਉਨ੍ਹਾਂ ਦੇ ਆਦਰ ਮਾਣ ਕਰਨ ਦੀ ਚਿੰਤਾ ਨਹੀਂ ਸੀ। ਉਨ੍ਹਾਂ ਦੇ ਆਦਰ ਮਾਣ ਕਰਨ ਵਾਲੇ ਕੋਈ ਹੋਰ ਹੀ ਸਨ। ਜਿਨ੍ਹਾਂ ਦਾ ਨਾਂ ਲਿਖਣਾ ਯੋਗ ਨਹੀਂ।

ਮੁਕਦੀ ਗੱਲ ਲੜਕੀ ਆਪਣੇ ਘਰ ਗਈ ਤੇ ਸਰਦਾਰ ਜੀ ਤੀਜੇ ਦਿਨ ਕਿਸੇ ਕੰਮ ਜਲੰਧਰ ਛਾਉਣੀ ਗਏ ਤੇ ਸਕੂਟਰ ਦਾ ਐਕਸੀਡੈਂਟ ਹੋ ਗਿਆ ਜਿਸ ਨਾਲ ਚੂਲਾ ਟੁੱਟ ਗਿਆ। ਉਥੋਂ ਸਰਦਾਰ ਜੀ ਨੂੰ ਦੁੱਖ ਨਾਲ ਚਿੱਲਲਾਉਂਦਿਆਂ ਨੂੰ ਕੁੱਝ ਜਾਣੂ ਸੱਜਣਾਂ ਨੇ ਕਾਰ ਵਿੱਚ ਪਾ ਕੇ ਹਸਪਤਾਲ ਪੁਚਾਇਆ। ਉਨ੍ਹਾਂ ਨੇ ਜਵਾਬ ਦੇ ਦਿੱਤਾ ਕਿ ਇਹ ਇੱਥੇ ਠੀਕ ਨਹੀਂ ਹੋ ਸਕਦੇ। ਇਨ੍ਹਾਂ ਦੇ ਚੂਲੇ ਦਾ ਅਪਰੇਸ਼ਨ ਕਰ ਕੇ ਸਟੀਲ ਦੀ ਰਾੜ ਪਵੇਗੀ, ਜਿਸ ਦਾ ਇੱਥੇ ਇੰਤਜ਼ਾਮ ਨਹੀਂ ਹੈ। ਘਰ ਵਾਲਿਆਂ ਨੇ ਬਹੁਤਾ ਜ਼ੋਰ ਪਾਇਆ ਕਿ ਥੋੜ੍ਹੀ ਦਰਦ ਘਟੇਗੀ ਤਾਂ ਅਸੀਂ ਇਨ੍ਹਾਂ ਨੂੰ ਵੱਡੇ ਹਸਪਤਾਲ ਵਿੱਚ ਲੈ ਜਾਵਾਂਗੇ। ਡਾਕਟਰ ਹੋਰਾਂ ਨੇ ਪੈਰ ਨੂੰ ਭਾਰ ਬੰਨ੍ਹ ਕੇ ਮੰਜੇ ਤੇ ਆਰਾਮ ਲਈ ਪਾ ਦਿੱਤਾ। ਪੰਜ ਛੇ ਦਿਨ ਐਸੀ ਹਾਲਤ ਵਿੱਚ ਅਤਿ ਦੁੱਖ ਵਿੱਚ ਦਿਨ ਰਾਤ ਚੀਖ ਪੁਕਾਰ ਕਰਦਿਆਂ ਬੀਤੇ। ਇਸ ਦੁੱਖ ਨੂੰ ਤਾਂ ਉਹ ਜਾਣਦੇ ਹਨ ਪਰ ਜੋ ਖਬਰ ਸੁਰਤ ਲੈਣ ਜਾਂਦਾ ਸੀ, ਇਨ੍ਹਾਂ ਦੀਆਂ ਕੁਰਲਾਟਾਂ ਸੁਣ ਕੇ ਉਸ ਦਾ ਵੀ ਦਿਲ ਕੰਬਣ ਲੱਗ ਜਾਂਦਾ ਸੀ। ਡਾਕਟਰਾਂ ਦੇ ਬਾਰ ਬਾਰ ਕਹਿਣ ਤੇ ਪਰਿਵਾਰ ਦੇ ਮੈਂਬਰ ਸਰਦਾਰ ਜੀ ਨੂੰ ਵੱਡੇ ਹਸਪਤਾਲ ਖੜਨ ਦੀ ਥਾਂ ਘਰ ਲੈ ਆਏ ਤੇ ਦੇਸੀ ਸਿਆਣੇ ਪਾਸੋਂ ਚੂਲਾ ਚੜ੍ਹਾਉਣ ਤੇ ਮਲ ਮਲਾਈ ਦਾ ਕੰਮ ਸ਼ੁਰੂ ਕਰ ਦਿੱਤਾ। ਤਕਰੀਬਨ ਤਿੰਨ ਮਹੀਨੇ ਅਤਿ ਦੁੱਖ ਸਹਿਤ ਮੰਜੇ ਉਪਰ ਹੀ ਸਾਰੀ ਕਿਰਿਆ ਕਰਦੇ। ਪਰਾਏ ਅਧੀਨ ਹੋ ਕੇ ਦਿਨ ਕੱਟਣੇ ਪਏ। ਚੌਥੇ ਮਹੀਨੇ ਥੋੜ੍ਹਾ ਆਰਾਮ ਆਇਆ ਤੇ ਮੰਜੇ ਤੇ ਬੈਠਣ ਲੱਗ ਪਏ। ਇਸ ਔਖੇ ਸਮੇਂ ਵਿੱਚ ਉਨ੍ਹਾਂ ਪਾਸ ਜੋ ਵੀ ਬੀਮਾਰ-ਪੋਸ਼ੀ ਵਾਸਤੇ ਜਾਂਦਾ, ਉਸ ਨੂੰ ਉਹ ਇਹ ਹੀ ਆਪ-ਮੁਹਾਰੇ ਕਹਿਣ ਕਿ ਮੈਨੂੰ ਬੇ-ਜ਼ੁਬਾਨਾਂ ਦੀ ਹੱਤਿਆ ਲੈ ਬੈਠੀ ਹੈ। ਮੈਂ ਨਵੇਂ ਬਣਨ ਵਾਲੇ ਕੁੜਮਾਂ ਦੀ ਖੁਸ਼ੀ ਲੈਣ ਲਈ ਇਹ ਜੀਵ ਹੱਤਿਆ ਕਰਵਾਈ ਜਿਸ ਦਾ ਫਲ ਮੈਨੂੰ ਇਸ ਦੁੱਖ ਰਾਹੀਂ ਭੋਗਣਾ ਪੈ ਰਿਹਾ ਹੈ। ਪਹਿਲੇ ਇਨ੍ਹਾਂ ਦਿਨਾਂ ਵਿੱਚ ਜਦੋਂ ਜ਼ਿਆਦਾ ਤਕਲੀਫ ਸੀ, ਸਰਦਾਰ ਜੀ ਨੇ ਬਾਬਾ ਜੀ ਨੂੰ ਬੇਨਤੀ ਭੇਜੀ ਕਿ ਕਿਰਪਾ ਕਰਕੇ ਮੈਨੂੰ ਦਰਸ਼ਨ ਜ਼ਰੂਰ ਦੇਵੋ। ਬਾਬਾ ਜੀ ਉਨ੍ਹਾਂ ਦੀ ਖਬਰ ਲੈਣ ਚਲ ਪਏ। ਦਾਸ ਨੂੰ ਵੀ ਨਾਲ ਹੀ ਬਾਬਾ ਜੀ ਨੇ ਕਾਰ ਵਿੱਚ ਬਿਠਾ ਲਿਆ। ਆਪ ਦੇ ਜਾਣ ਤੇ ਉਹ ਪ੍ਰੇਮੀ ਜ਼ਾਰੋ ਜ਼ਾਰ ਰੋ ਕੇ ਮੁਆਫ਼ੀ ਮੰਗਣ ਲੱਗਾ ਕਿ ਮੈਥੋਂ ਬਹੁਤ ਵੱਡੀ ਭੁੱਲ ਹੋਈ ਹੈ। ਮੈਂ ਬਣਨ ਵਾਲੇ ਕੁੜਮਾਂ ਦੇ ਪ੍ਰਭਾਵ ਹੇਠ ਆ ਕੇ ਗੁਰਮਤਿ ਦੇ ਅਸੂਲ ਦਾ ਤਿਆਗ ਕੀਤਾ ਹੈ। ਤੁਸੀਂ ਕਿਰਪਾ ਕਰਕੇ ਮੈਨੂੰ ਬਖਸ਼ ਦਿਓ। ਬਾਬਾ ਜੀ ਉਸ ਦੀ ਬੇਨਤੀ ਸੁਣ ਕੇ ਕਹਿਣ ਲੱਗੇ ਕਿ ਸਰਦਾਰ ਜੀ ! ਇਹ ਤੁਹਾਨੂੰ ਭੁਲੇਖਾ ਹੈ, ਬਖਸ਼ਣ ਵਾਲਾ ਤਾਂ ਉਹ ਗੁਰੂ ਮਾਲਕ ਹੈ। ਕੋਈ ਬੰਦਾ ਕਿਸੇ ਦੇ ਪਾਪ ਕਰਮਾਂ ਨੂੰ ਨਹੀਂ ਬਖਸ਼ ਸਕਦਾ। ਸੋ ਉਸ ਮਾਲਕ ਅੱਗੇ ਆਪਣੀ ਗਲਤੀ ਮੰਨ ਕੇ ਖਿਮਾ ਮੰਗੋ। ਅਸੀਂ ਤਾਂ ਤੁਹਾਨੂੰ ਬੇਨਤੀ ਕਰ ਦਿੱਤੀ ਸੀ ਪਰ ਤੁਸੀਂ ਮੰਨੀ ਨਹੀਂ। ਜਿਹਨਾਂ ਦੀ ਖਾਤਰ ਤੁਸੀਂ ਇੰਨਾ ਪਾਪ ਕੀਤਾ, ਕੀ ਉਹ ਤੁਹਾਡੇ ਦੁੱਖ ਵਿੱਚ ਭਾਈਵਾਲ ਬਣਕੇ ਵੰਡਾ ਰਹੇ ਹਨ ? ਉਹ ਤਾਂ ਖਾ ਪੀ ਕੇ ਆਪਣੇ ਘਰੀਂ ਚਲੇ ਗਏ। ਕੀਤੇ ਪਾਪ ਕਰਮ ਦਾ ਫਲ ਤੁਹਾਨੂੰ ਭੁਗਤਣਾ ਪੈ ਰਿਹਾ ਹੈ। ਉਹ ਇੱਕ ਦੋ ਵਾਰ ਤੁਹਾਡੀ ਖਬਰ ਸੁਰਤ ਲੈ ਗਏ ਹੋਣਗੇ। ਇੱਥੇ ਹੀ ਬੱਸ ਨਹੀਂ ਅਜੇ ਤਾਂ ਕੀਤੇ ਹੋਏ ਪਾਪ ਕਰਮ ਦਾ ਥੋੜ੍ਹਾ ਭੁਗਤਾਨ ਹੋਇਆ ਹੈ, ਬਕਾਇਆ ਤਾਂ ਅਜੇ ਸਿਰ ਤੇ ਖੜ੍ਹਾ ਹੈ। ਕਿਉਂਕਿ ਕੁਦਰਤ ਦਾ ਨਿਯਮ ਹੈ :

(ਬਾਕੀ ਪੰਨਾ ੩੮ ਤੇ ..........)



www.AKJ.Org

## ਵਾਰ ਮਾਰੂ ਡਖਣੇ (੧੦)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਸਲੋਕ ਡਖਣੇ ਮ: ੫।।

ਸੈ ਨੰਗੇ ਨਹ ਨੰਗ, ਭੁਖੇ ਲਖ ਨ ਭੁਖਿਆ।।
ਡੁਖੇ ਕੋੜਿ ਨ ਡੁਖ, ਨਾਨਕ ਪਿਰੀ ਪਿਖੰਦੋ ਸੁਭ ਦਿਸਟਿ।।੧।।
ਮ: ੫।। ਸੁਖ ਸਮੂਹਾ ਭੋਗ, ਭੂਮਿ ਸਬਾਈ ਕੋ ਧਣੀ।।
ਨਾਨਕ ਹਭੋ ਰੋਗੁ, ਮਿਰਤਕ ਨਾਮ ਵਿਹੂਣਿਆ।।੨।।
ਮ: ੫।। ਹਿਕਸ ਕੂੰ ਤੂ ਆਹਿ, ਪਛਾਣੂ ਭੀ ਹਿਕੁ ਕਰਿ।।
ਨਾਨਕ ਆਸੜੀ ਨਿਬਾਹਿ, ਮਾਨੁਖ ਪਰਥਾਈ ਲਜੀਵਦੋ।।੩।।

ਉਚਾਰਣ : ਨਹ-'ਹ' ਦਾ ਉਚਾਰਣ 'ਹਿ' ਵਾਂਗ ਨਹੀਂ। ਭੁਖਿਆ, ਸਮੂਹਾ, ਵਿਹੂਣਿਆ-ਅੰਤਲੇ ਸੁਰਾਂ ਦਾ ਉਚਾਰਣ ਨਾਸਕਤਾ ਬਿਨਾਂ। ਦਿਸਟਿ-'ਸ' ਉਚਾਰਣ ਵਿਸ਼ੇਸ਼ ਧੁਨੀ। ਲਜੀਵਦੋ-'ਜੀ' ਉਚਾਰਣ ਨਾਸਕੀ।

ਪਦ ਅਰਥ : ਸੈ-('ਸਉ' ਦਾ ਬਹੁ-ਵਚਨ) ਸੈਂਕੜੇ। ਸੈ ਨੰਗੇ-ਸੈਂਕੜੇ ਪ੍ਰਕਾਰ ਦੀ ਨੰਗ ਹੁੰਦਿਆਂ। ਭੁਖੇ ਲਖ-ਲੱਖਾਂ ਪ੍ਰਕਾਰ ਦੀ ਭੁਖ ਹੁੰਦਿਆਂ। ਡੁਖੇ ਕੋੜਿ-ਕਰੋੜਾਂ ਪ੍ਰਕਾਰ ਦੇ ਦੁਖਾਂ ਦੇ ਬਾਵਜੂਦ। ਪਿਖੰਦੋ-ਵੇਖਦਾ ਹੈ। ਸੁਭ ਦਿਸਟਿ-ਨਿਹਾਲਣੀ ਨਦਰ ਨਾਲ।੧।

ਸੁਖ ਸਮੂਹਾ ਭੋਗ-ਸਮੂਲਚੇ ਸੁਖ ਅਤੇ ਭੋਗ ਬਿਲਾਸ। ਭੂਮਿ ਸਬਾਈ-ਸਾਰੀ ਪ੍ਰਿਥਵੀ। ਧਣੀ-ਮਾਲਕ। ਹਭੋ-ਸਾਰਾ ਕੁੱਝ। ਮਿਰਤਕ-ਮੁਰਦੇ ਸਮਾਨ। ਵਿਹੂਣਿਆ-ਬਿਨਾਂ।੨।

ਹਿਕਸ ਕੂੰ-ਕੇਵਲ ਇਕ (ਵਾਹਿਗੁਰੂ) ਨੂੰ। ਆਹਿ-(ਕ੍ਰਿਆ) ਚਾਹ, ਤਾਂਘ ਕਰ। ਪਛਾਣੂ-ਮਿੱਤਰ। ਆਸੜੀ ਨਿਬਾਹਿ-ਆਸਾ ਪੂਰੀ ਕਰਦਾ ਹੈ। ਮਨੁਖ ਪਰਥਾਈ-ਮਨੁੱਖ ਦਾ ਆਸਰਾ ਕਰ ਕੇ। ਪਰਥਾਈ-ਪ੍ਰਸਥਾਨ, ਭਾਵ, ਆਸਰਾ ਲੈਣਾ। ਲਜੀਵਦੋ-ਲਜਿਆਵਾਨ (ਸ਼ਰਮਸਾਰ) ਹੁੰਦਾ ਹੈ।੩।

ਅਰਥ :- ਨਾਨਕ ! ਪਿਆਰਾ ਪ੍ਰੀਤਮ ਜਿਸ ਵੱਲ ਇਕ ਵਾਰੀ ਮਿਹਰ ਭਰੀ ਦ੍ਰਿਸ਼ਟੀ ਨਾਲ ਦੇਖੇ, ਫਿਰ ਉਹ ਸੌ ਤਰ੍ਹਾਂ ਦੀ ਨੰਗ ਨੂੰ ਨੰਗ ਨਹੀਂ ਸਮਝਦਾ, ਲੱਖ ਕਿਸਮ ਦੀ ਭੁਖ ਨੂੰ ਭੁਖ ਕਰਕੇ ਨਹੀਂ ਜਾਣਦਾ ਅਤੇ ਕਰੋੜਾਂ ਕਿਸਮਾਂ ਦੇ ਦੁੱਖਾਂ ਨੂੰ ਦੁਖ ਕਰਕੇ ਨਹੀਂ ਮੰਨਦਾ।੧।

ਸਾਰੇ (ਮਾਇਕੀ) ਸੁਖ ਅਤੇ ਭੋਗ-ਬਿਲਾਸ ਮੌਜੂਦ ਹੋਣ, ਕੋਈ (ਮਨੁੱਖ) ਸਾਰੀ ਪ੍ਰਿਥਵੀ ਦਾ ਮਾਲਕ ਹੋਵੇ। ਨਾਨਕ ! ਨਾਮ ਤੋਂ ਬਗੈਰ ਇਹ ਸਾਰਾ ਕੁੱਝ (ਐਸ਼ਵਰੰਜ ਦਾ ਸਾਜ਼-ਸਾਮਾਨ) ਜਾਣੋ, ਇਕ ਤਰ੍ਹਾਂ ਨਾਲ ਰੋਗ ਹੈ, (ਇਥੇ ਹੀ ਬਸ ਨਹੀਂ) ਨਾਮ-ਹੀਣਾ (ਮਨੁੱਖ) ਮੁਰਦੇ ਸਮਾਨ ਹੈ।੨।

(ਹੇ ਜੀਵ !) ਤੂੰ ਕੇਵਲ ਇਕ (ਪ੍ਰਭੂ) ਦੀ ਤਾਂਘ ਕਰ, ਮਿੱਤਰ ਵੀ ਕੇਵਲ ਇੱਕ (ਪ੍ਰਭੂ) ਨੂੰ ਹੀ ਬਣਾ।

ਨਾਨਕ ! (ਉਹ ਸਰਬ ਕਲਾ ਸਮਰੱਥ ਪ੍ਰਭੂ ਸਭਨਾਂ ਦੀ) ਆਸਾ ਪੂਰੀ ਕਰਦਾ ਹੈ, ਫਿਰ ਕੋਈ ਮਨੁੱਖ (ਆਪਣੇ ਉਸ ਸਰਬ ਸ਼ਕਤੀਮਾਨ ਮਿੱਤਰ-ਪ੍ਰਭੂ ਦਾ ਦਰ ਛਡ ਕੇ) ਕਿਸੇ ਹੋਰ ਮਨੁੱਖ ਦਾ ਆਸਰਾ ਲੈਂਦਾ ਸ਼ਰਮਸਾਰ ਹੁੰਦਾ ਹੈ।੩।

ਪਉੜੀ।।

ਨਿਹਚਲੁ ਏਕੁ ਨਰਾਇਣੋ, ਹਰਿ ਅਗਮ ਅਗਾਧਾ।।
ਨਿਹਚਲੁ ਨਾਮੁ ਨਿਧਾਨੁ ਹੈ, ਜਿਸੁ ਸਿਮਰਤ ਹਰਿ ਲਾਧਾ।।
ਨਿਹਚਲੁ ਕੀਰਤਨੁ ਗੁਣ ਗੋਬਿੰਦ, ਗੁਰਮੁਖਿ ਗਾਵਾਧਾ।।
ਸਚੁ ਧਰਮੁ ਤਪੁ ਨਿਹਚਲੋ, ਦਿਨੁ ਰੈਨਿ ਅਰਾਧਾ।।
ਦਇਆ ਧਰਮੁ ਤਪੁ ਨਿਹਚਲੋ, ਜਿਸੁ ਕਰਮਿ ਲਿਖਾਧਾ।।
ਨਿਹਚਲੁ ਮਸਤਕਿ ਲੇਖੁ ਲਿਖਿਆ, ਸੋ ਟਲੈ ਨ ਟਲਾਧਾ।।
ਨਿਹਚਲ ਸੰਗਤਿ ਸਾਧ ਜਨ, ਬਚਨ ਨਿਹਚਲੁ ਗੁਰ ਸਾਧਾ।।
ਜਿਨ ਕਉ ਪੂਰਬਿ ਲਿਖਿਆ, ਤਿਨ ਸਦਾ ਸਦਾ ਆਰਾਧਾ।।੧੯।।

ਪਦ ਅਰਥ : ਨਿਹਚਲੁ-ਅਚੱਲ, ਸਦਾ ਸਥਿਰ। ਅਗਮ-ਅਪਹੁੰਚ। ਅਗਾਧਾ-ਅਥਾਹ, ਡੂੰਘਾ। ਨਿਧਾਨ-ਖ਼ਜ਼ਾਨਾ। ਹਰਿ ਲਾਧਾ-ਹਰੀ ਲਭਿਆ ਜਾ ਸਕਦਾ ਹੈ। ਗੁਰਮੁਖਿ-ਗੁਰੂ ਦੁਆਰਾ। ਗਾਵਾਧਾ-ਗਾਇਆ ਜਾ ਸਕਦਾ ਹੈ। ਜਿਸੁ ਕਰਮਿ ਲਿਖਾਧਾ-ਜਿਸ ਦੇ ਭਾਗ ਵਿੱਚ ਲਿਖਿਆ ਹੋਵੇ। ਮਸਤਕਿ-ਮੱਥੇ ਉੱਤੇ। ਟਲੈ ਨ ਟਲਾਧਾ-ਕਿਸੇ ਦਾ ਟਾਲਿਆ ਹੋਇਆ ਟਲਦਾ (ਮਿਟਾਇਆ ਮਿਟਦਾ) ਨਹੀਂ। ਗੁਰ ਸਾਧਾ-ਸਾਧੂ-ਸਤਿਗੁਰੂ ਦੇ। ਪੂਰਬਿ ਲਿਖਿਆ-ਪੂਰਬ ਕਾਲ ਵਿੱਚ ਧੁਰ ਦਰਗਾਹੋਂ ਲਿਖਿਆ ਗਿਆ।

ਅਰਥ : ਕੇਵਲ ਇਕ ਨਰਾਇਣ ਹੀ ਸਦਾ-ਥਿਰ ਹੈ। ਉਹ ਹਰੀ ਇੰਦਰੀਆਂ ਦੀ ਪਹੁੰਚ ਤੋਂ ਪਰੇ ਤੇ ਅਥਾਹ ਹੈ।

(ਸਦਾ-ਥਿਰ ਨਾਮੀ-ਵਾਹਿਗੁਰੂ ਦਾ) ਨਾਮ-ਖ਼ਜ਼ਾਨਾ ਵੀ ਸਦਾ ਥਿਰ ਹੈ, ਜਿਸ ਨੂੰ (ਸ਼ਰਧਾ ਭਾਵਨੀ ਨਾਲ)



www.AKJ.Org

ਸਿਮਰਨ ਕਰਦਿਆਂ ਹਰਿ-ਪ੍ਰਭੂ ਲਭਿਆ ਜਾ ਸਕਦਾ ਹੈ।

ਗੋਬਿੰਦ-ਪ੍ਰਭੂ ਦੇ ਗੁਣਾਂ ਦਾ ਕੀਰਤਨ (ਸਿਫ਼ਤਿ-ਸਾਲਾਹ) ਵੀ ਸਦਾ ਥਿਰ ਹੈ, ਜੋ ਗੁਰੂ ਦੀ ਸ਼ਰਨ ਪਈਆਂ ਹੀ ਗਾਇਆ ਜਾ ਸਕਦਾ ਹੈ (ਗਾਉਣਾ ਹਿੱਸੇ ਆਉਂਦਾ ਹੈ)।

'ਸਚੁ-ਨਾਮ' ਹੀ (ਕਲਜੁਗ ਦਾ) ਧਰਮ ਹੈ, ਤਪਾਂ ਸਿਰ ਤਪ ਹੈ, ਤੇ ਸਦਾ ਥਿਰ ਹੈ। ਇਹ ਰਾਤ ਦਿਨੇ ਅਰਾਧਣ ਜੋਗ ਹੈ।

ਜੀਅ-ਦਇਆ ਵੀ (ਜੀਵ ਦਾ) ਧਰਮ ਹੈ, ਤਪਾਂ ਸਿਰ ਤਪ ਹੈ ਤੇ ਸਦਾ ਥਿਰ ਰਹਿਣ ਵਾਲਾ ਦੈਵੀ ਗੁਣ ਹੈ। (ਮਿਲਦਾ ਉਸ ਨੂੰ ਹੈ) ਜਿਸ ਦੇ (ਧੁਰ ਦਰਗਾਹੋਂ) ਭਾਗ ਵਿਚ ਲਿਖਿਆ ਹੋਵੇ।

ਹਰੇਕ ਦੇ ਮੱਥੇ ਉਤੇ ਧੁਰ ਦਰਗਾਹੋਂ ਲਿਖਿਆ ਲੇਖ ਅਟੱਲ ਹੈ, ਇਹ ਕਿਸੇ ਦਾ ਟਾਲਿਆ ਟਲਦਾ ਨਹੀਂ। ਸਾਧ-ਸਤਿਗੁਰੂ ਦੀ ਸੰਗਤਿ ਅਚੱਲ ਹੈ, ਅਤੇ ਗੁਰੂ-ਸਾਧ ਦੇ ਬਚਨ (ਉਪਦੇਸ਼) ਵੀ ਅਟੱਲ ਹਨ।

ਜਿਨ੍ਹਾਂ ਦੇ ਮੱਥੇ ਉਤੇ ਧੁਰ ਦਰਗਾਹੋਂ ਸ਼ੁਭ ਲੇਖ ਲਿਖਿਆ ਹੁੰਦਾ ਹੈ, ਉਹਨਾਂ ਵਲੋਂ ਵਾਹਿਗੁਰੂ ਨੂੰ ਸਦੀਵ ਕਾਲ ਅਰਾਧਿਆ ਜਾਂਦਾ ਹੈ।੧੯।

ਸਲੋਕ ਡਖਣੇ ਮ: ੫।।

ਜੋ ਡੁਬੰਦੋ ਆਪਿ, ਸੋ ਤਰਾਏ ਕਿਨ ਖੇ।।
ਤਾਰੇਦੜੋ ਭੀ ਤਾਰਿ, ਨਾਨਕ ਪਿਰ ਸਿਉ ਰਤਿਆ।।੧।।

ਮ: ੫।। ਜਿਥੈ ਜਾਇ ਕਥੰਨਿ, ਨਾਉ ਸੁਣੰਦੋ ਮਾ ਪਿਰੀ।।
ਮੂੰ ਜੁਲਾਊਂ ਤਥਿ, ਨਾਨਕ ਪਿਰੀ ਪਸੰਦੋ ਹਰਿਓ ਥੀਓਸਿ।।੨।।

ਮ: ੫।। ਮੇਰੀ ਮੇਰੀ ਕਿਆ ਕਰਹਿ, ਪੁਤ੍ਰ ਕਲਤ੍ਰ ਸਨੇਹ।।
ਨਾਨਕ ਨਾਮ ਵਿਹੂਣੀਆ, ਨਿਮੁਣੀਆਦੀ ਦੇਹ।।੩।।

ਉਚਾਰਣ: ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ: ਸਿਉ-ਨਾਲ। ਨਾਉ-ਨਾਮ। ਕਰਹਿ-ਤੂੰ ਕਰਦਾ ਹੈ। ਤਾਰੇਦੜੋ-'ਰੇ' ਉਚਾਰਣ ਨਾਸਕੀ। ਰਤਿਆ, ਵਿਹੂਣੀਆਂ-ਅੰਤਲੇ ਸੁਰਾਂ ਦਾ ਉਚਾਰਣ ਨਾਸਕਤਾ ਰਹਿਤ।

ਪਦ ਅਰਥ : ਡੁਬੰਦੋ ਆਪਿ-ਆਪ ਡੁਬਦਾ ਜਾ ਰਿਹਾ ਹੋਵੇ। ਤਰਾਏ ਕਿਨ ਖੇ-ਉਹ ਕਿਸੇ ਹੋਰ ਨੂੰ ਕਿਵੇਂ ਤਾਰ ਸਕਦਾ ਹੈ ? ਤਾਰੇਦੜੋ-ਤਰਨ ਵਾਲਾ, ਤਾਰੂ। ਭੀ ਤਾਰਿ-(ਹੋਰਨਾਂ ਨੂੰ) ਵੀ ਤਾਰ ਦਿੰਦਾ ਹੈ। ਰਤਿਆ-ਰਤਾ ਹੋਇਆ ਹੈ।੧।

ਕਥੰਨਿ-ਕਥਨ ਕਰਦੇ ਹਨ। ਨਾਉ ਸੁਣੰਦੋ-ਨਾਮ ਸੁਣੀਤਾ ਹੋਵੇ। ਮੂੰ-ਮੈਂ। ਜੁਲਾਊ-ਜਾਵਾਂ। ਤਥਿ-ਤਿਥੇ। ਪਿਰੀ ਪਸੰਦੋ-ਪਿਆਰੇ ਨੂੰ ਵੇਖਣ ਵਾਲਾ। ਹਰਿਓ ਥੀਓਸਿ-ਹਰਿਆ ਹੋ ਗਿਆ।੨।

ਕਰਹਿ-ਤੂੰ ਕਰਦਾ ਹੈ। ਕਲਤ੍ਰ-ਵਹੁਟੀ। ਸਨੇਹ-ਪਿਆਰ। ਵਿਹੂਣੀਆ-ਸਖਣੀ। ਨਿਮੁਣੀਆਦੀ-ਜਿਸ ਦੀ ਮਿਆਦ (ਨਿਸਚਿਤ ਸਮਾਂ) ਕੋਈ ਨਹੀਂ, ਖਿਨ ਭੰਗਰ।੩।

ਅਰਥ : ਜਿਹੜਾ ਮਨੁੱਖ ਆਪ (ਸੰਸਾਰ-ਸਾਗਰ ਵਿੱਚ) ਡੁਬਦਾ ਜਾ ਰਿਹਾ ਹੋਵੇ, ਉਹ ਕਿਸੇ ਹੋਰ ਨੂੰ ਕਿਵੇਂ ਤਾਰ ਸਕਦਾ ਹੈ ?

ਨਾਨਕ ! ਪ੍ਰਭੂ ਦੇ ਪਿਆਰ-ਰੰਗ ਵਿਚ ਰੰਗਿਆ ਹੋਇਆ ਮਨੁੱਖ (ਸੰਸਾਰ-ਸਾਗਰ ਤੋਂ) ਆਪ ਵੀ ਤਰਨਹਾਰ ਹੋ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ।੧।

ਜਿਥੇ ਕੋਈ (ਗੁਰਮੁਖ ਪਰਮੇਸ਼ਰ ਦੇ ਗੁਣਾਂ ਦਾ) ਕਥਨ ਕਰਦੇ ਹੋਣ ਅਤੇ ਜਿੱਥੇ ਮੇਰੇ ਪਿਆਰੇ ਪ੍ਰੀਤਮ ਦਾ ਨਾਮ ਸੁਣੀਦਾ ਹੋਵੇ।

(ਮੇਰੀ ਰੀਝ ਹੈ) ਮੈਂ ਵੀ ਉਥੇ ਜਾਵਾਂ (ਅਤੇ ਪਿਆਰੇ ਪ੍ਰੀਤਮ ਦਾ ਦੀਦਾਰ ਪਰਸਾਂ ਅਤੇ ਗੁਣਾਨਵਾਦ ਕਰਾਂ) ਪਿਆਰੇ ਦਾ ਦੀਦਾਰ ਕਰਨ ਵਾਲਾ ਹਰ ਕੋਈ ਹਰਾ ਭਰਾ ਹੋ ਜਾਂਦਾ ਹੈ।੨।

'ਨਾਨਕ' (ਮੁਹਰ ਛਾਪ ਲਾ ਕੇ ਉਪਦੇਸ਼ ਕਰਦੇ ਹਨ) ਹੇ ਜੀਵ ! (ਪ੍ਰਭੂ ਦੀ ਦਾਤਿ) ਪੁੱਤਰ, ਵਹੁਟੀ ਆਦਿ ਦੇ ਮੋਹ ਵਿਚ ਗਲਤਾਨ ਹੋ ਕੇ ਤੂੰ 'ਮੇਰੀ' 'ਮੇਰੀ' ਕੀ ਕਰੀ ਫਿਰਦਾ ਹੈ ? ਤੇਰੀ ਆਪਣੀ ਪੰਜ-ਭੂਤਕ ਦੇਹੀ ਦੀ ਕੋਈ ਮੁਨਿਆਦ (ਸਮੇਂ ਦੀ ਨਿਸਚਿਤ ਸੀਮਾ) ਨਹੀਂ। ਫਿਰ ਨਾਮ ਤੋਂ ਸੱਖਣੀ (ਇਸ ਛਿਨ-ਭੰਗਰ ਦੇਹ ਨਾਲ ਮੋਹ ਕਾਹਦਾ ?)।੩।

ਪਉੜੀ।।

ਨੈਨੀ ਦੇਖਉ ਗੁਰ ਦਰਸਨੋ, ਗੁਰ ਚਰਣੀ ਮਥਾ।।
ਪੈਰੀ ਮਾਰਗਿ ਗੁਰ ਚਲਦਾ, ਪਖਾ ਫੇਰੀ ਹਥਾ।।
ਅਕਾਲ ਮੂਰਤਿ ਰਿਦੈ ਧਿਆਇਦਾ, ਦਿਨੁ ਰੈਨਿ ਜਪੰਥਾ।।
ਮੈ ਛਡਿਆ ਸਗਲ ਆਪਾਇਣੋ, ਭਰਵਾਸੈ ਗੁਰ ਸਮਰਥਾ।।
ਗੁਰਿ ਬਖਸਿਆ ਨਾਮੁ ਨਿਧਾਨੁ, ਸਭੋ ਦੁਖੁ ਲਥਾ।।
ਭੋਗਹੁ ਭੁੰਚਹੁ ਭਾਈਹੋ, ਪਲੈ ਨਾਮੁ ਅਗਧਾ।।
ਨਾਮ ਦਾਨੁ ਇਸਨਾਨੁ ਦਿੜੁ, ਸਦਾ ਕਰਹੁ ਗੁਰ ਕਥਾ।।
ਸਹਜੁ ਭਇਆ ਪ੍ਰਭੁ ਪਾਇਆ, ਜਮ ਕਾ ਭਉ ਲਥਾ।।੨੦।।

ਉਚਾਰਣ : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਨੈਨੀ-ਅੱਖਾਂ ਨਾਲ। ਦੇਖਉ-ਮੈਂ ਵੇਖਦਾ ਹਾਂ। ਚਰਣੀ-



www.AKJ.Org

ਚਰਨਾਂ ਉਤੇ। ਪੈਰੀ-ਪੈਰਾਂ ਨਾਲ। ਫੇਰੀ-ਮੈਂ ਝਲਦਾ ਹਾਂ। ਹਥਾ-ਅੰਤਲੇ ਸ੍ਵਰ ਦਾ ਉਚਾਰਣ ਨਾਸਕਤਾ ਬਿਨਾਂ (ਤੁਕਾਂਤ ਕਰਕੇ)। ਧਿਆਇਦਾ-'ਇ' ਉਚਾਰਣ ਨਾਸਕੀ। ਬਖਸਿਆ- 'ਸ' ਉਚਾਰਣ ਵਿਸ਼ੇਸ਼ ਧੁਨੀ। ਦਿੜੁ-'ੜ' ਉਚਾਰਣ ਭਾਰ ਸਹਿਤ।

ਪਦ ਅਰਥ : ਮਾਰਗਿ ਗੁਰ-ਗੁਰੂ ਵਲ ਜਾਂਦੇ ਮਾਰਗ ਤੇ। ਹਥਾ-ਹੱਥਾਂ ਨਾਲ। ਅਕਾਲ ਮੂਰਤਿ-ਕਾਲ-ਰਹਿਤ ਸਰੂਪ (ਵਾਹਿਗੁਰੂ) ਨੂੰ। ਰੈਨਿ-ਰਾਤ। ਜਪੰਥਾ-ਜਪਣ ਵਾਲਾ ਹਾਂ, ਜਪਦਾ ਹਾਂ। ਅਪਾਇਣੋ-ਆਪਾ ਭਾਵ। ਸਮਰਥਾ-ਸਭ ਕੁਝ ਕਰਨ ਜੋਗ। ਨਾਮੁ ਨਿਧਾਨੁ-ਨਾਮ ਰੂਪ ਖਜ਼ਾਨਾ। ਸਭੋ-ਸਾਰਾ ਹੀ। ਭੋਗਹੁ ਭੁੰਚਹੁ-ਅਨੰਦ ਨਾਲ ਛਕੋ। ਭਾਈਹੋ-ਹੇ ਭਰਾਵੋ ! ਪਲੈ-ਪਲੇ ਵਿਚ (ਬੰਨ੍ਹੋ)। ਅਗਥਾ-ਅਕੱਥ ਪ੍ਰਭੂ ਦਾ। ਦਿੜੁ-ਦ੍ਰਿੜ੍ਹ ਕਰੋ, ਨਿਸਚੇ ਨਾਲ ਧਾਰਨ ਕਰੋ। ਸਹਜੁ-ਗਿਆਨ। ਭਉ-ਡਰ।

ਅਰਥ : ਮੈਂ ਆਪਣੀਆਂ ਅੱਖਾਂ ਨਾਲ ਗੁਰੂ ਦਾ (ਮੁਬਾਰਕ) ਦੀਦਾਰ ਕਰਦਾ ਹਾਂ ਅਤੇ ਆਪਣਾ ਮੱਥਾ (ਸਿਰ) ਗੁਰੂ ਦੇ ਚਰਨਾਂ ਉਤੇ ਧਰਦਾ ਹਾਂ।

ਪੈਰਾਂ ਨਾਲ ਗੁਰੂ ਵਲ ਜਾਂਦੇ ਰਸਤੇ ਤੇ ਚਲਦਾ ਹਾਂ ਅਤੇ ਹੱਥਾਂ ਨਾਲ (ਗੁਰੂ ਤੇ ਗੁਰੂ ਦੀਆਂ ਸੰਗਤਾਂ ਨੂੰ) ਪੱਖਾ ਝਲਦਾ ਹਾਂ।

ਮੈਂ ਆਪਣੇ ਹਿਰਦੇ ਵਿਚ ਕਾਲ-ਰਹਿਤ ਸਰੂਪ ਵਾਲੇ ਵਾਹਿਗੁਰੂ ਦਾ ਧਿਆਨ ਧਰਦਾ ਹਾਂ ਅਤੇ (ਉਸ ਪਰਮ-ਸਤਿ ਦਾ ਜਾਪ) ਦਿਨ ਰਾਤ ਜਪਦਾ ਹਾਂ।

ਮੈਂ ਸਾਰਾ ਆਪਾ ਭਾਵ (ਅਪਣੱਤ) ਤਿਆਗ ਦਿਤਾ ਹੈ ਅਤੇ ਹੁਣ ਗੁਰੂ-ਸਮਰੱਥ ਦੇ ਪ੍ਰਾਇਣ ਹੋ ਗਿਆ ਹਾਂ।

ਗੁਰੂ ਨੇ (ਕਿਰਪਾ ਕਰਕੇ) ਨਾਮ-ਖਜ਼ਾਨਾ ਬਖਸ਼ਿਆ ਹੈ, (ਜਿਸ ਸਦਕਾ) ਸਾਰਾ ਦੁਖ-ਕਲੇਸ਼ ਮਿਟ ਗਿਆ ਹੈ।

ਹੇ ਭਰਾਵੋ (ਗੁਰ ਭਾਈਓ) ! ਗੁਰੂ ਨੇ (ਕਿਰਪਾਲਤਾ ਕਰ ਕੇ ) ਅਕਥ ਪ੍ਰਭੂ ਦਾ ਨਾਮ-ਖ਼ਜ਼ਾਨਾ ਮੇਰੀ ਝੋਲੀ ਪਾਇਆ ਹੈ, ਇਸ (ਅੰਮ੍ਰਿਤ-ਨਾਮ) ਨੂੰ ਨਿਰੰਤਰ ਛਕੋ ਅਤੇ ਅਨੰਦ ਮਾਣੋ।

ਨਾਮ, ਦਾਨ ਅਤੇ ਇਸ਼ਨਾਨ (ਸਿੱਖੀ ਦੇ ਤਿੰਨ ਮੁਢਲੇ ਅਸੂਲਾਂ) ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਓ (ਪਕੀ ਤਰ੍ਹਾਂ ਹਿਰਦੇ ਵਿਚ ਧਾਰਨ ਕਰ ਲਵੋ) ਅਤੇ ਸਦੀਵ-ਕਾਲ ਗੁਰੂ ਵਲੋਂ ਦੱਸੀ ਅਕੱਥ ਵਾਹਿਗੁਰੂ ਦੀ ਕਥਾ (ਸਿਮਰਨ) ਕਰਦੇ ਰਹੋ।

ਸਹਜ (ਗੁਰੂ-ਗਿਆਨ) ਹੋ ਗਿਆ ਹੈ, (ਜਿਸ ਦੇ ਤੁਫ਼ੈਲ) ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ, ਹੁਣ ਜਮ ਦਾ ਡਰ ਮਗਰੋਂ ਲਹਿ ਗਿਆ ਹੈ (ਖਹਿੜਾ ਛਡ ਗਿਆ ਹੈ)।੨੦।

□□□□□

## ਕੀਰਤਨ ਕਰਨ, ਸੁਣਨ ਤੇ ਸੁਣਾਉਣ ਦਾ ਲਾਭ

ਕੋਈ ਗਾਵੈ, ਕੋ ਸੁਣੈ, ਕੋ ਉਚਰਿ ਸੁਨਾਵੈ।।
ਜਨਮ ਜਨਮ ਕੀ ਮਲੁ ਉਤਰੈ, ਮਨ ਚਿੰਦਿਆ ਪਾਵੈ।।
ਆਵਣੁ ਜਾਣਾ ਮੇਟੀਐ, ਹਰਿ ਕੇ ਗੁਣ ਗਾਵੈ।।
ਆਪਿ ਤਰਹਿ, ਸੰਗੀ ਤਰਾਹਿ, ਸਭ ਕੁਟੰਬੁ ਤਰਾਵੈ।।
ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ।।੧੫।।੧।।

(ਕਾਨੜੇ ਕੀ ਵਾਰ ਮਹਲਾ ੪, ਪੰਨਾ ੧੩੧੮)

(ਜਿਹੜਾ ਕੋਈ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਅਰਥਾਤ ਕੀਰਤੀ (ਕੀਰਤਨ) ਕਰਦਾ ਹੈ ਜਾਂ ਸੁਣਦਾ ਹੈ ਜਾਂ ਬੋਲ ਕੇ ਹੋਰਨਾ ਨੂੰ ਸੁਣਾਉਂਦਾ ਹੈ, ਉਸ ਦੀ ਜਨਮਾਂ ਜਨਮਾਤਰਾਂ (ਅਨੇਕ ਜਨਮਾਂ) ਦੀ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ, ਉਹ ਮਨ-ਭਾਉਂਦੇ ਫਲ ਪਾ ਲੈਂਦਾ ਹੈ। ਹਰੀ ਦੇ ਗੁਣ ਗਾਉਣ (ਕੀਰਤਨ ਕਰਨ) ਨਾਲ ਜਨਮ ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ।

ਹਰਿ ਜਸ (ਕੀਰਤਨ) ਕਰਨ ਵਾਲਾ ਮਨੁੱਖ ਆਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਸੰਗੀ ਸਾਥੀਆਂ ਅਤੇ ਸਾਰੇ ਪ੍ਰਵਾਰ ਨੂੰ ਪਾਰ ਲੰਘਾ ਲੈਂਦਾ ਹੈ।

ਦਾਸ ਨਾਨਕ ਉਸ ਮਨੁੱਖ ਤੋਂ ਬਲਿਹਾਰ ਜਾਂਦਾ ਹੈ ਜਿਹੜਾ ਸਿਫਤਿ ਸਾਲਾਹ ਅਰਥਾਤ ਕੀਰਤਨ ਦੀ ਬਰਕਤ ਸਦਕਾ ਪਿਆਰੇ ਪ੍ਰਭੂ ਨੂੰ ਪਿਆਰਾ ਲੱਗਦਾ ਹੈ।)



www.AKJ.Org

# A SONG OF BLISS (2)

(S. Jaspinder Singh Canada)

For Part (1) Please see Sura, March,96.......

ਸਾਚੀ ਲਿਵੈ ਬਿਨੁ ਦੇਹ ਨਿਮਾਣੀ।। ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।। ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ।। ਏਸ ਨਉ ਹੋਰ ਥਾਉ ਨਾਹੀ ਸਬਦਿ ਲਾਗਿ ਸਵਾਰੀਆ।। ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।।੬।।

Poor is the person without the intense love of God. A poor person, deviod of God-Love, is weak and incapable of anything. O, Merciful ! None can succeed without thy support. Grant Thy Boon, O, Lord ! There is no other Shelter, but for Nam. Engaged in Nam devotion only one can achieve the goal of human life. Says Nanak, What can a poor person do without Thy Love, through Nam meditation.-6.

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ।। ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ।। ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ।। ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ।। ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦ ਗੁਰ ਤੇ ਜਾਣਿਆ।।੭।।

People just talk of happiness without ever knowing true happiness, which is experienced through the Guru. Guru, through his Grace, blesses the devotee with Nam and The constant rememberance through Nam can alone lead to the True Bliss. Guru purifies the devotee of all Sin and evil doings and bestows Divine Knowledge. The wisdom of Guru's teachings and practice of Nam meditation banish attachment and worldly desires to purify the mind of all sin. Says Nanak, a purified mind dwelling in Presence of the Lord, by constant rememberance of Nam enjoys True Bliss, known through the Guru. - 7.

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ।। ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ।। ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ।। ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ।। ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ।।੮।।

O, Father ! Thou Alone are the giver of True Bliss. Only those receive, whom Thou choose for this Divine favour. Others can do nothing about it and they remain strangers to this gift. Some spend their lives in doubt and worry, always on the run for worldly objectives, yet some, who are blessed by Thou, live righteously. Those, who abide by the Divine Will, have their minds purified (rid of doubt and worry) through Thy Grace ! Says Nanak, only those are the recipients, whom Thou give.-8.

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ।। ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ।। ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ। ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ।। ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ।।੯।।

Come, O, beloved holy ones ! Let us meditate on the virtues of the Incomprehensible and Undescribable Lord. Concentrate on the Virtue of the Lord, Let us explore the means to realize Him. Complete self-effacement, the belief that mind, body and all possessions belong to the Guru, and complete submission to the Divine Will are the means of God Realization The fundmental of Sikh faith and its most important tenet, of singing His Praises, has to be observed, as a means of self-cleansing. Says Nank, hear thee, O, holy ones ! Meditate on virtues of the Incomprehensible and Undescribable Lord. -9.

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਇਆ।। ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮਨ

(ਬਾਕੀ ਪੰਨਾ ੩੫ ਤੇ ...)



www.AKJ.Org

# ਦੀਨ ਦੁਨੀਆਂ ਤੇਰੀ ਟੇਕ

(ਡਾ: ਕੁਲਦੀਪ ਸਿੰਘ ਹਉਰਾ)

ਪਰਮਾਤਮਾ ਨੂੰ ਪਿਤਾ ਤੇ ਸਹਾਈ ਜਾਣਨ ਦਾ ਖਿਆਲ ਮਨੁੱਖ ਹਿਰਦੇ ਵਿੱਚ ਇਸ ਕਰਕੇ ਵੱਸਿਆ ਹੋਇਆ ਹੈ ਕਿਉਂਕਿ ਉਸ ਦੇ ਆਲੇ ਦੁਆਲੇ ਕੁਦਰਤ ਦੀਆਂ ਵਿਰੋਧੀ ਸ਼ਕਤੀਆਂ ਦੇ ਕਾਰਨ ਉਸ ਅੰਦਰ ਅਸਮਰੱਥਾ ਦੀ ਭਾਵਨਾ ਪੈਦਾ ਹੋ ਗਈ ਹੈ। ਜਿਵੇਂ ਬੱਚੇ ਨੂੰ ਬਿਹਬਲਤਾ ਤੇ ਬੇਵੱਸੀ ਦੀ ਹਾਲਤ ਵਿਚ ਮਾਤਾ ਪਿਤਾ ਦੀ ਸਹਾਇਤਾ ਦੀ ਲੋੜ ਭਾਸਦੀ ਹੈ, ਤਿਵੇਂ ਮਨੁੱਖ ਉਸ ਸ਼ਕਤੀ ਦਾ ਆਸਰਾ, ਟੇਕ ਤੇ ਓਟ ਲੈਣ ਤੇ ਮਜ਼ਬੂਰ ਹੁੰਦਾ ਹੈ, ਜੋ ਔਕੜ ਸਮੇਂ ਉਸ ਦਾ ਸਹਾਈ ਬਣ ਸਕੇ। ਪਰਮਾਤਮਾ ਨੂੰ ਮਿੱਤਰ, ਪਿਆਰਾ, ਸੱਜਣ ਤੇ ਸਹਾਈ ਆਦਿ ਵਿਸ਼ੇਸ਼ਨਾਂ ਨਾਲ ਯਾਦ ਕਰਨ ਦੇ ਵਿਚਾਰ ਦੀ ਨੀਂਹ ਵੀ ਉਨ੍ਹਾਂ ਗਹਿਰ ਗੰਭੀਰ ਜਜ਼ਬਿਆਂ ਕਰਕੇ ਹੈ, ਜਿਨ੍ਹਾਂ ਕਰਕੇ ਮਨੁੱਖ ਆਪਣੇ ਆਪ ਤੋਂ ਬਾਹਰ ਕੁਝ ਟੋਲ੍ਹਦਾ ਹੈ ਤਾਂ ਜੋ ਉਹ ਸਮਾਜਿਕ ਭਾਈਚਾਰਕ ਬਿਰਤੀਆਂ ਨੂੰ ਵਰਤ ਸਕੇ। ਸਿਰਜਨਹਾਰ, ਸਰਬ ਸ਼ਕਤੀ ਮਾਨ ਵਾਹਿਗੁਰੂ ਦੀ ਅਸੀਂ ਆਪਣੇ ਦਿਲੀ ਜਜ਼ਬੇ, ਆਪਣੀ ਬੁੱਧੀ ਤੇ ਇੱਛਿਆ ਅਨੁਸਾਰ ਹੀ ਕਲਪਨਾ ਕਰਦੇ ਹਾਂ। ਰੱਬ ਦੀ ਸ਼ਖਸ਼ੀਅਤ ਦਾ ਅਨੁਮਾਨ ਕਰਦਿਆਂ ਅਸੀਂ ਐਸੀ ਹਸਤੀ ਨੂੰ ਸਵੀਕਾਰ ਕਰਦੇ ਹਾਂ ਜਿਹੜੀ ਸਾਡੇ ਤੋਂ ਬੇਹੱਦ ਤੇ ਬੇਓੜਕ ਵੱਡੀ, ਮਹਾਨ ਤੇ ਅਪੰਰਪਰ ਹੈ।

ਗੁਰਬਾਣੀ ਵਿਚ ਅਕਾਲ ਪੁਰਖ ਦਾ ਸਭ ਤੋਂ ਵਿਸ਼ੇਸ਼ ਗੁਣ '੧ਓ' ਕਥਨ ਕੀਤਾ ਗਿਆ ਹੈ। ਭਾਵ ਉਹ ਇੱਕ ਹੈ, ਕਰਤਾ, ਹਰਤਾ ਤੇ ਪਾਲਨਹਾਰਾ ਉਹੋ ਹੈ। ਗੁਰੂ ਸਾਹਿਬਾਨ ਨੇ ਇਹ ਦਸਿਆ ਹੈ ਕਿ ਵੱਖ ਵੱਖ ਦੇਵਤੇ ਸੰਸਾਰ ਦਾ ਕੰਮ ਚਲਾਉਣ ਲਈ ਜ਼ਿੰਮੇਵਾਰ ਨਹੀਂ ਸਗੋਂ ਕੇਵਲ ਇਕ ਅਕਾਲ ਪੁਰਖ ਹੀ ਹੈ, ਜੋ ਸਰਬ ਵਿਆਪਕ ਹੈ, ਸਿਰਜਣਹਾਰ ਹੈ, ਪਾਲਣਹਾਰ ਤੇ ਸ੍ਰਿਸ਼ਟੀ ਨੂੰ ਸੁੰਨ ਵਿੱਚ ਵੀ ਕਰ ਦੇਂਦਾ ਹੈ। ਗੁਰੂ ਰਾਮਦਾਸ ਪਾਤਸ਼ਾਹ ਦਾ ਇਸ ਪ੍ਰਥਾਇ ਕਥਨ ਹੈ :

"ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ
ਹਰਿ ਹਰਿ ਗੁਣੀ ਨਿਧਾਨ ਜੀਉ ॥੩॥
ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ
ਤੂੰ ਆਪੇ ਪੁਰਖੁ ਸੁਜਾਨੁ ਜੀਉ ॥
ਪੁਰਖੁ ਸੁਜਾਨੁ ਤੂੰ ਪਰਧਾਨੁ
ਤੁਧੁ ਜੇਵਡੁ ਅਵਰ ਨ ਕੋਈ" ॥(ਆਸਾ ਛੰਤ ਮਹਲਾ ੪)

ਗੁਰਬਾਣੀ ਵਿਚ ਇਹ ਵੀ ਨਿਸਚੇ ਕਰਵਾਇਆ ਗਿਆ ਹੈ ਕਿ ਅਕਾਲ ਪੁਰਖ ਦੇ ਭਾਣੇ ਵਿਰੁੱਧ ਕੋਈ ਨਹੀਂ ਜਾ ਸਕਦਾ ਹੈ। ਉਹ ਆਪ ਹੀ ਸਭ ਨੂੰ ਕਾਰੇ ਲਾਂਦਾ ਤੇ ਮਾਰਗ ਪਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਕਥਨ ਕਰਦੇ ਹਨ --

"ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥
ਵੇਪਰਵਾਹ ਅਖੁਟ ਭੰਡਾਰੈ ॥
ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ
ਆਪੇ ਮੇਲਿ ਮਿਲਾਇਦਾ ॥" (ਮਾਰੂ ਮਹਲਾ ੧)

ਇਸ ਲਈ ਜਿਨ੍ਹਾਂ ਦੇ ਹਿਰਦੇ ਉਸ ਚਾਨਣ ਨਾਲ ਚਮਕਦੇ ਹਨ ਜੋ ਸੱਚ ਸਰੂਪ ਤੋਂ ਉਤਪੰਨ ਹੁੰਦਾ ਹੈ, ਉਹ ਸਭ ਕੰਮਾਂ ਦਾ ਮੁੱਖ ਅਕਾਲ ਪੁਰਖ ਨੂੰ ਹੀ ਮੰਨਦੇ ਹਨ। ਸੁਖਮਨੀ ਸਾਹਿਬ ਅਨੁਸਾਰ - "ਸਤਿ ਸਰੂਪ ਰਿਦੈ ਜਿਨਿ ਮਾਨਿਆ। ਕਰਨ ਕਰਾਵਨ ਤਿਨਿ ਮੂਲੁ ਪਛਾਨਿਆ।"

ਉਹ ਫੇਰ "ਤਿਸ ਸਰਣਾਈ ਸਦਾ ਸੁਖ" ਤੇ 'ਇਕਸ ਕੀ ਮਨਿ ਟੇਕ ਹੈ' ਦੇ ਧਾਰਨੀ ਹੋ ਜਾਂਦੇ ਹਨ।

ਜਦੋਂ ਇਹ ਅਹਿਸਾਸ ਹੋ ਜਾਂਦਾ ਹੈ ਕਿ ਸਭ ਸੰਸਾਰ ਕਾਦਰ ਦੀ ਕੁਦਰਤ ਜਾਂ ਸ਼ਕਤੀ ਹੈ ਤੇ ਉਹ ਹੀ ਸਰਬ ਸ਼ਕਤੀਮਾਨ ਹੈ, ਸਮੁੱਚੇ ਸੰਸਾਰ ਵਿੱਚ ਸਮੇਂ ਸਮੇਂ ਜੋ ਵਿਕਾਸ, ਉਤਾਰ-ਚੜ੍ਹਾਅ ਹੁੰਦਾ ਰਹਿੰਦਾ ਹੈ, ਉਹ ਵੀ ਉਸ ਦੇ ਹੁਕਮ ਨਾਲ-ਹੁੰਦਾ ਹੈ ਤਾਂ ਗੁਰੂ ਨਾਨਕ ਸਾਹਿਬ ਦੇ ਕਥਨ -- "ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹੁ ॥ ਘਾਹ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥ ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥ ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ ਜੇਤੇ ਜੀਅ ਜੀਵਹਿ -ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥ ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥" (ਪੰਨਾ ੧੪੪) ਦਾ ਵਿਸ਼ਵਾਸ ਹੋ ਜਾਂਦਾ ਹੈ। ਜਦੋਂ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ "ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥ ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥" ਤਾਂ ਫੇਰ ਉਹ ਦੀ ਟੇਕ ਸੱਚੀ ਜਾਪਣ ਵਿਚ ਕੋਈ ਕਸਰ ਨਹੀਂ ਰਹਿ ਜਾਂਦੀ ਤੇ ਮਨੁੱਖ ਦੀ ਟੇਕ ਝੂਠੀ ਜਾਪਣ ਲੱਗ ਜਾਂਦੀ ਹੈ। ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਅਟੱਟ-ਵਿਸ਼ਵਾਸ਼ ਨਾਲ ਫੁਰਮਾਇਆ ਹੈ ਕਿ ਟੇਕ ਕੇਵਲ ਭਗਵਾਨ ਦੀ ਹੀ ਸੱਚੀ ਹੈ, ਮਨੁੱਖ ਦੀ ਟੇਕ ਕੱਚੀ ਹੈ। ਉਸ ਤੇ ਭਰੋਸਾ ਕਰਨਾ ਮੂਰਖਤਾ ਹੈ। ਆਪ ਦਾ ਕਥਨ ਹੈ -

"ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ ਜਿਸ ਕੈ ਦੀਐ ਰਹੈ ਅਘਾਇ ॥



www.AKJ.Org

ਬਹੁਰਿ ਨ ਤ੍ਰਿਸਨਾ ਲਾਗੈ ਆਇ।। ਮਾਰੈ ਰਾਖੈ ਏਕੋ ਆਪਿ।। ਮਾਨੁਖ ਕੈ ਕਿਛੁ ਨਾਹੀ ਹਾਥਿ।।"

ਇਥੇ ਪੁੱਜ ਕੇ ਮਨੁੱਖ ਇਸ ਯੋਗ ਹੋ ਜਾਂਦਾ ਹੈ ਕਿ ਉਹ ਸੱਚੀ ਤੇ ਕੱਚੀ ਟੇਕ ਵਿੱਚ ਅੰਤਰ ਕਰ ਸਕੇ। ਫੇਰ ਵੀ ਥੋੜ੍ਹੇ ਹੋਰ ਵਿਸਥਾਰ ਨਾਲ ਕੱਚੀ ਟੇਕ ਦਾ ਗਿਆਨ ਗੁਰੂ ਰਾਮਦਾਸ ਜੀ ਦੇ ਸ਼ਬਦ ਦੀਆਂ ਹੇਠ ਲਿਖੀਆਂ ਤੁੱਕਾਂ ਤੋਂ ਹੋ ਜਾਂਦਾ ਹੈ--

(ੳ) ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ।।

(ਅ) ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮ ਗਵਾਈ।।

(ੲ) ਇਨ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹ ਬਪੁੜੇ ਇਨ ਕਾ ਵਾਹਿਆ ਕਛੁ ਨ ਵਸਾਈ।। ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭ ਛਡਾਈ।।੨।। ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ।। ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ।।" (ਗੌਂਡ ਮਹਲਾ ੪, ਪੰਨਾ ੮੫੯)

ਸੱਚੀ ਟੇਕ ਤੇ ਕੱਚੀ ਟੇਕ ਦਾ ਅੰਤਰ ਸਮਝਾਉਣ ਲਈ ਗੁਰੂ ਅਰਜਨ ਪਾਤਸ਼ਾਹ ਜੀ ਨੇ ਟੋਡੀ ਰਾਗ ਦੇ ਇਕ ਸ਼ਬਦ ਦੀ ਇਕ ਤੁਕ ਵਿੱਚ ਹੀ ਨਿਰਣਾ ਕਰ ਵਿਖਾਇਆ ਹੈ, ਜਿਥੇ ਆਪ ਫਰਮਾਂਦੇ ਹਨ--

"ਹਰਿ ਬਿਸਰਤ ਸਦਾ ਖੁਆਰੀ।। ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ।।

(ਪੰਨਾ ੭੧੧)

ਹਰਿ ਬਿਸਰਤ ਤੋਂ ਭਾਵ ਹੈ ਸੱਚੀ ਟੇਕ ਛੱਡ ਕੇ ਕੱਚੀ ਟੇਕ ਪਿਛੇ ਭਟਕਣਾ। ਕੱਚੀ ਟੇਕ ਰਖਿਆਂ ਮਨੁੱਖ ਸਦਾ ਭਟਕਦਾ ਹੈ ਪਰ ਜਿਸਨੂੰ ਵਾਹਿਗੁਰੂ ਦੀ ਸੱਚੀ ਟੇਕ ਹੈ ਉਸ ਨੂੰ ਕਦੇ ਵੀ ਕਿਸੇ ਕਾਰਜ ਵਿੱਚ ਵੀ ਨਿਸਫਲਤਾ ਜਾਂ ਧੋਖਾ ਨਹੀਂ ਹੁੰਦਾ।

ਪਰ ਝੂਠੀ ਟੇਕ ਰਖਿਆਂ ਸਦਾ ਪਛਤਾਣਾ ਹੀ ਪੈਂਦਾ ਹੈ, ਜਦੋਂ ਕਿ ਸੱਚ ਦੀ ਟੇਕ ਰਖਿਆਂ, ਸੱਚ ਦਾ ਪੱਲਾ ਫੜਿਆਂ, ਸਭ ਸ੍ਰਿਸ਼ਟੀ ਵਿੱਚ ਜਿੱਤ ਹੁੰਦੀ ਹੈ, ਜੈਜੈਕਾਰ ਹੁੰਦੀ ਹੈ। ਹਰੀ ਵਾਲਾ ਧੜਾ, ਧਰਮ ਧੜਾ ਹੈ। ਹਰੀ ਦੀ ਟੇਕ, ਧਰਮ ਦੀ ਟੇਕ ਹੈ। ਰਿਸ਼ਤੇਦਾਰੀਆਂ ਵਾਲੀਆਂ ਟੇਕਾਂ, ਧੜੇ, ਸਭ ਝੂਠੇ ਹਨ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਇਸ ਬਾਰੇ ਵਿਸ਼ਲੇਸ਼ਨ ਕਰਦਿਆਂ ਖੂਬਸੂਰਤ ਫੁਰਮਾਇਆ ਹੈ--

ਕਿਸ ਹੀ ਧੜਾ ਕੀਆ
ਮਿਤ੍ਰ ਸੁਤ ਨਾਲਿ ਭਾਈ।
ਕਿਸ ਹੀ ਧੜਾ ਕੀਆ
ਕੁੜਮ ਸਕੇ ਨਾਲ ਜਵਾਈ।।
ਕਿਸ ਹੀ ਧੜਾ ਕੀਆ ਸਿਕਦਾਰ
ਚਉਧਰੀ ਨਾਲਿ ਆਪਣੈ ਸੁਆਈ।।
ਹਮਾਰਾ ਧੜਾ ਹਰਿ ਰਹਿਆ ਸਮਾਈ।।"

(ਰਾਗ ਆਸਾ ਮਹਲਾ ੪, ਪੰਨਾ ੩੬੬)

ਸਿੱਖ ਇਤਿਹਾਸ ਵਿੱਚ ਇਕ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂ ਘਰ ਦੇ ਦੋਖੀਆਂ ਦੀ ਸਾਜਸ਼ ਸਦਕਾ ਸੁਲਹੀ ਖਾਨ ਹਾਕਮ ਜਦ ਗੁਰੂ ਅਰਜਨ ਸਾਹਿਬ ਵਿਰੁੱਧ ਚੜ੍ਹਾਈ ਕਰਕੇ ਅੰਮ੍ਰਿਤਸਰ ਵੱਲ ਵਧਿਆ ਤਾਂ ਸੰਗਤਾਂ ਵਿੱਚ ਤੌਖਲਾ ਪੈਦਾ ਹੋਇਆ। ਕਿਸੇ ਸਲਾਹ ਦਿੱਤੀ, ਉਸ ਪਾਸ ਦੋ ਚਾਰ ਸਿਆਣੇ ਭੇਜੇ ਜਾਣ, ਕਿਸੇ ਕਿਹਾ ਚਿੱਠੀ ਲਿਖਕੇ ਆਪਣੀ ਪੁਜੀਸ਼ਨ ਸਾਫ ਕੀਤੀ ਜਾਵੇ, ਕਿਸੇ ਕੁੱਝ ਕਿਹਾ, ਕਿਸੇ ਕੁੱਝ, ਪਰ ਖਿਮਾ ਦੇ ਸੁਆਮੀ ਤੇ ਸ਼ਾਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਨੇ ਉੱਤਰ ਵਿੱਚ ਕਿਹਾ -

"ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।।
ਮਹਾ ਅਨੰਦ ਅਚਿੰਤ ਸਹਜਾਇਆ।।
ਦੁਸਮਨ ਦੂਤ ਮੁਏ ਸੁਖੁ ਪਾਇਆ।।

(ਆਸਾ ਮਹਲਾ ੫, ਪੰਨਾ ੩੭੧)

ਹਰੀ ਉਤੇ ਟੇਕ ਤੇ ਵਿਸ਼ਵਾਸ਼ ਦੀ ਸਿਖਰ ਹੈ ਇਹ ਘਟਨਾ। ਜਿਨ੍ਹਾਂ ਨੇ ਸੱਚੇ ਨਾਮ ਉੱਤੇ ਟੇਕ ਰੱਖ ਲਈ, ਉਨ੍ਹਾਂ ਦੇ ਕਾਰਜ ਹਰੀ ਪ੍ਰਮਾਤਮਾ ਆਪ ਸੁਆਰਦਾ ਹੈ। ਪ੍ਰਹਿਲਾਦ-ਭਗਤ ਦੀ ਅਕਾਲ ਪੁਰਖ ਉਤੇ ਟੇਕ ਰੱਖਣੀ ਤੇ ਸਭ ਔਕੜਾਂ ਤੋਂ ਮੁਕਤ ਹੋਣਾ ਸਾਡੇ ਸਾਹਮਣੇ ਹੈ। ਭਗਤ ਪ੍ਰਹਿਲਾਦ ਕਿਤਨੇ ਭਰੋਸੇ ਨਾਲ ਕਹਿੰਦਾ ਹੈ -

"ਇਕੁ ਰਾਮ ਨ ਛੋਡਉ ਗੁਰਹਿ ਗਾਰਿ।।
ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ।।

(ਪੰਨਾ ੧੧੯੪)

ਦੁਬਿਧਾ ਵਾਲੀ ਸਥਿਤੀ ਵਿੱਚ ਮਨੁੱਖ ਨਾ ਇਕ ਪਾਸੇ ਦਾ ਰਹਿੰਦਾ ਹੈ ਨਾ ਦੂਜੇ ਪਾਸੇ ਦਾ। ਅਕਾਲ ਪੁਰਖ ਅੱਗੇ ਅਰਦਾਸਾਂ ਵੀ ਕਰੀ ਜਾਣੀਆਂ ਤੇ ਧਾਗੇ ਤਵੀਤ, ਟੂਣੇ ਟਾਮਣ ਵੀ ਕਰੀ ਜਾਣੇ, ਮਨੁੱਖ ਦੀ ਸਥਿਤੀ ਹਾਸੋ-ਹੀਣੀ ਬਣਾ ਦਿੰਦੀ ਹੈ। ਦੋਹਾਂ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਜਿਵੇਂ ਡੁੱਬਦਾ ਹੀ ਹੈ, ਤਿਵੇਂ ਹੀ ਦੁਬਾਜਰੇ ਵਿਅਕਤੀ ਦਾ ਹਾਲ ਹੁੰਦਾ ਹੈ। ਪਰ ਜੇਕਰ ਭਗਤ ਨਾਮਦੇਵ ਜੀ ਵਾਂਗ ਭਰੋਸਾ ਰੱਖਕੇ ਕਹੇ -

"ਮੈਂ-ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।।
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ।।"

(ਪੰਨਾ ੭੨੭)



www.AKJ.Org

ਤਾਂ ਫਿਰ ਮੁਸ਼ਕਾਂ ਬੰਨ੍ਹ ਕੇ ਮਸਤ ਹਾਥੀ ਅੱਗੇ ਸੁਟਿਆਂ ਵੀ ਆਂਚ ਨਹੀਂ ਆਉਂਦੀ। ਪ੍ਰਹਿਲਾਦ ਭਗਤ ਦੁਬਿਧਾ ਵਿੱਚ ਨਹੀਂ ਪੈਂਦਾ, ਨਾ ਕਿਸੇ ਦਾ ਡਰਾਇਆ ਡਰਦਾ ਹੈ। ਇਸ ਲਈ ਅਕਾਲ ਪੁਰਖ ਉਸ ਦੀ ਆਪ ਰੱਖਿਆ ਕਰਦਾ ਹੈ। ਗੁਰੂ ਕਥਨ ਹੈ--

"ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ।। ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ।। (ਪੰਨਾ ੧੧੩੩)

ਸੱਚੀ ਟੇਕ ਰੱਖਿਆਂ ਮਨੁੱਖ ਦੇ ਸਭ ਕਾਰਜ ਪ੍ਰਭੂ ਆਪ ਸਵਾਰਦਾ ਹੈ। ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਇਸ ਪ੍ਰਥਾਇ ਕਥਨ ਹੈ -- ਜੋ ਮਨਿ ਚਿਤਿ ਆਸ ਰਖਹਿ ਹਰਿ ਊਪਰਿ ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ।। ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।। ਹਰਿ ਤਿਸ ਕੀ ਆਸ ਕੀਜੈ ਮਨ ਮੇਰੇ ਜੋ ਸਭ ਮਹਿ ਸੁਆਮੀ ਰਹਿਆ ਸਮਾਈ।। (ਗੌਂਡ ਮਹਲਾ ੪, ਪੰਨਾ ੮੫੯)

ਸੱਚੀ ਟੇਕ ਰਖਿਆਂ ਜੋ ਅਨੰਦ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਔਕੜਾਂ ਮੁਸ਼ਕਲਾਂ ਦਾ ਨਾਸ ਹੁੰਦਾ ਹੈ, ਗੁਰੂ ਅਰਜਨ ਸਾਹਿਬ ਭੈਰਉ ਰਾਗ ਦੇ ਇਕ ਸ਼ਬਦ ਵਿੱਚ ਇਸ ਤਰ੍ਹਾਂ ਵਰਨਣ ਕਰਦੇ ਹਨ :-

"ਤੇਰੀ ਟੇਕ ਰਹਾ ਕਲਿ ਮਾਹਿ।। ਤੇਰੀ ਟੇਕ ਤੇਰੇ ਗੁਣ ਗਾਹਿ।। ਤੇਰੀ ਟੇਕ ਨ ਪੋਹੈ ਕਾਲੁ।। ਤੇਰੀ ਟੇਕ ਬਿਨਸੈ ਜੰਜਾਲ।।੧।। ਦੀਨ ਦੁਨੀਆ ਤੇਰੀ ਟੇਕ।। ਸਭ ਮਹਿ ਰਵਿਆ ਸਾਹਿਬੁ ਏਕ।।੧।। ਰਹਾਉ।। ਤੇਰੀ ਟੇਕ ਕਰਉ ਆਨੰਦ।। ਤੇਰੀ ਟੇਕ ਜਪਉ ਗੁਰ ਮੰਤ।। ਤੇਰੀ ਟੇਕ ਤਰੀਐ ਭਉ ਸਾਗਰੁ।। ਰਾਖਣਹਾਰੁ ਪੂਰਾ ਸੁਖ ਸਾਗਰੁ।। ਤੇਰੀ ਟੇਕ ਨਾਹੀ ਭਉ ਕੋਇ।। ਅੰਤਰਜਾਮੀ ਸਾਚਾ ਸੋਇ।। ਤੇਰੀ ਟੇਕ ਤੇਰਾ ਮਨਿ ਤਾਣੁ।। ਈਹਾ ਊਹਾ ਤੂੰ ਦੀਬਾਣੁ।।" (ਪੰਨਾ ੧੧੪੭)

ਆਸਾ ਰਾਗ ਦੇ ਇਕ ਹੋਰ ਸ਼ਬਦ ਵਿੱਚ ਆਪ ਦਾ ਫੁਰਮਾਨ ਹੈ--

"ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ।। ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸੁ ਕਉ ਬਿਪੁ ਨ ਕੋਊ ਭਾਖੈ।। (ਪੰਨਾ ੩੮੩)

ਗਉੜੀ ਸੁਖਮਨੀ ਵਿੱਚ ਆਪ ਦੇ ਕਥਨ ਹਨ --

"ਓਟ ਗਹੀ ਸੰਤਹ ਦਰਿ ਆਇਆ।।
ਸਰਬ ਸੂਖ ਨਾਨਕ ਤਿਹ ਪਾਇਆ।। (ਪੰਨਾ ੨੮੩)

(ਤੇ) -ਏਕ ਊਪਰਿ ਜਿਸੁ ਜਨ ਕੀ ਆਸਾ।।
ਤਿਸ ਕੀ ਕਟੀਐ ਜਮ ਕੀ ਫਾਸਾ।।"(ਪੰਨਾ ੨੮੧)

ਇਸ ਵਿਚਾਰ ਤੋਂ ਭਾਵ ਇਹ ਹੈ ਕਿ ਹਰ ਸ਼ੈ, ਪਸ਼ੂ ਪੰਛੀ, ਮਨੁੱਖ ਆਦਿ ਸਭ ਨੂੰ ਕਿਸੇ ਨਾ ਕਿਸੇ ਆਸਰੇ ਦੀ ਲੋੜ ਹੈ, ਸਹਾਇਤਾ ਦੀ ਲੋੜ ਹੈ, ਕਿਉਂਕਿ ਉਹ ਹਰ ਪੱਖੋਂ ਪੂਰਨ ਰੂਪ ਵਿੱਚ ਸਮਰੱਥ ਨਹੀਂ। ਸਰਬ ਕਲਾ ਸਮਰੱਥ ਤਾਂ ਕੇਵਲ ਅਕਾਲ ਪੁਰਖ ਹੀ ਹੈ। ਸੋ ਵਿਅਕਤੀ ਨੂੰ ਆਪਣੀ ਅਲਪੱਗਤਾ, ਅਸਮਰੱਥਾ ਤੇ ਅਪੂਰਣਤਾ ਲਈ ਕਿਸੇ ਐਸੇ ਆਸਰੇ, ਟੇਕ ਤੇ ਸਹਾਰੇ ਦੀ ਲੋੜ ਹੈ ਜੋ ਉਸ ਨੂੰ ਥੰਮਣਾ ਦੇਵੇ ਤਾਂ ਕਿ ਉਹ ਖੜ੍ਹਾ ਰਹਿ ਸਕੇ, ਕਾਇਮ ਰਹਿ ਸਕੇ। ਜਿਸ ਤਰ੍ਹਾਂ ਇੱਟਾਂ ਦੀ ਇਮਾਰਤ ਨੂੰ ਖੜ੍ਹੇ ਰਹਿਣ ਲਈ ਕਿਸੇ ਸਹਾਰੇ ਦੀ ਲੋੜ ਹੈ, ਤਿਵੇਂ ਹੀ ਮਨੁੱਖੀ ਮਨ ਨੂੰ "ਗੁਰੂ ਸ਼ਬਦ" ਦੇ ਸਹਾਰੇ ਦੀ ਲੋੜ ਹੈ ਤੇ ਇਹੋ ਲੋੜ ਸੱਚੀ ਹੈ, ਸਥਾਈ ਹੈ, ਅਸਲੀ ਹੈ। ਸਾਨੂੰ ਐਸੀ ਟੇਕ ਦੀ ਹੀ ਲਾਲਸਾ ਕਰਨੀ ਚਾਹੀਦੀ ਹੈ, ਝੂਠੀ ਅਸਥਾਈ ਤੇ ਨਕਲੀ ਦੀ ਨਹੀਂ।

ㅁㅁㅁㅁㅁ

(ਪੰਨਾ ੩੨ ਦਾ ਬਾਕੀ......)

ਮੋਰਿਆ।। ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ।। ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਇਆ।। ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ।। ਕਹੈ ਨਾਨਕ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ।।੧੦।।

O, fickle mind ! Nobody ever realizes God through cunningness. Cunningness does not work in matters Divine, hear Thee O, my mind ! This illusion of worldliness fascinates and takes one for a ride. Fascination of the illusory worldliness is a deception according to the Divine Will. I am sacrifice unto the Lord, Who made this attachment to illusion irresistable. Says Nanak, O, fickle mind nobody ever realizes God through cunningness. - 10

(Pursuit of Worldliness under compulsion of one's minds desires, which is never satisfying, is one of the two alternative to lead a human life - ਧਾਤ)

ㅁㅁㅁㅁㅁ



www.AKJ.Org

# ਤਬ ਖਾਲਸ ਤਾਹਿ ਨਖਾਲਸ ਜਾਨੈ

(ਡਾ: ਪਰਮਜੀਤ ਕੌਰ, ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾ ਨਗਰ (ਹਰਿਆਣਾ))

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਨ ਤੋਂ ਬਾਅਦ ਗੁਰਸਿੱਖਾਂ ਨੂੰ ਤਾਕੀਦ ਕੀਤੀ ਸੀ ਕਿ ਜਦੋਂ ਤੱਕ ਗੁਰਸਿੱਖ ਪਖੰਡ ਤੋਂ ਰਹਿਤ ਹੈ, ਬ੍ਰਾਹਮਣ ਵਾਲਿਆਂ ਰੀਤੀਆਂ ਕੁਰੀਤੀਆਂ ਤੋਂ ਬਚਿਆ ਹੋਇਆ ਹੈ, ਤਦੋਂ ਤਕ ਹੀ ਖਾਲਸਾ ਹੈ, ਪਖੰਡਾਂ ਵਿੱਚ ਰੱਤੇ ਸਿੱਖ ਵਿੱਚ ਮੇਰਾ ਵਿਸ਼ਵਾਸ ਨਹੀਂ-

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਓ ਮੈ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨਾ ਕਰੋਂ ਇਨ ਦੀ ਪ੍ਰਤੀਤ॥

(ਸਰਬ ਲੋਹ ਗ੍ਰੰਥ)

ਜਿਹੜਾ ਇਕ ਪਰਮਾਤਮਾ ਦੀ ਹੀ ਉਪਾਸ਼ਨਾ ਕਰਦਾ ਹੈ, ਪ੍ਰਭੂ ਦਾ ਨਾਮ ਹੀ ਦਿਨ ਰਾਤ ਜਪਦਾ ਹੈ, ਇਕ ਅਕਾਲ ਪੁਰਖ ਤੇ ਹੀ ਪੂਰਨ ਵਿਸਵਾਸ਼ ਕਰਦਾ ਹੈ, ਪ੍ਰਭੂ ਦੇ ਡਰ-ਅਦਬ ਵਿਚ ਰਹਿੰਦਾ ਹੈ, ਉਹੀ ਖਾਲਸਾ ਹੈ। ਅਕਾਲ ਪੁਰਖ ਦੇ ਬਰਾਬਰ ਕੋਈ ਵੀ ਨਹੀਂ -

ਅਵਰ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ॥

(ਸੋਰਠਿ ਮ:੧, ਪੰਨਾ੫੯੭)

ਪਰਮਾਤਮਾ ਦੇ ਬਿਨਾਂ ਹੋਰ ਕੋਈ ਸਹਾਈ ਵੀ ਨਹੀਂ-

ਏਕੁ ਸਿਮਰਿ ਮਨ ਮਾਹੀ॥੧॥ ਰਹਾਉ॥
ਨਾਮੁ ਧਿਆਵਹੁ ਰਿਦੈ ਬਸਾਵਹੁ
ਤਿਸੁ ਬਿਨੁ ਕੋ ਨਾਹੀ॥੧॥

(ਆਸਾ ਮ: ੫, ਪੰਨਾ ੪੦੭)

ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੀ ਅਸਲ ਧਾਰਮਿਕ ਕਰਮ-ਧਰਮ ਹੈ-

ਕਰਮ ਧਰਮ ਇਹੁ ਤਤੁ ਗਿਆਨੁ॥
ਸਾਧਸੰਗਿ ਜਪੀਐ ਹਰਿ ਨਾਮੁ॥

(ਗੋਂਡ ਮ:੫, ਪੰਨਾ ੮੬੬)

ਦੇਵੀ ਦੇਵਤਾ, ਦੇਹਧਾਰੀ ਗੁਰੂਆਂ, ਬਨਾਉਟੀ ਸੰਤਾ, ਮੜ੍ਹੀ ਮਸਾਣੀ ਆਦਿਕ ਦੀ ਪੂਜਾ ਗੁਰਮਤਿ ਵਿਚ ਵਰਜਿਤ ਹੈ।

ਦੁਬਿਧਾ ਨ ਪੜਉ ਹਰਿ ਬਿਨੁ
ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥

(ਸੋਰਠਿ ਮ: ੧, ਪੰਨਾ ੬੩੪)

ਜਿਹੜਾ ਇੱਕ ਪਰਮਾਤਮਾ ਵਿਚ ਵਿਸ਼ਵਾਸ ਨਹੀਂ ਰੱਖਦਾ ਉਹ ਦੁਬਿਧਾ ਵਿਚ ਪਿਆ ਰਹਿੰਦਾ ਹੈ ਅਤੇ ਪਖੰਡੀ ਗੁਰੂਆਂ, ਬਨਾਉਟੀ ਸੰਤਾ, ਜੋਤਸ਼ੀਆ ਆਦਿਕ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਗੁਰਸਿੱਖ ਲਈ ਬਾਣੀ ਹੀ ਗੁਰੂ ਹੈ ਅਤੇ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਹਿਰਦੇ ਵਿਚ ਵਸਾਣ ਵਾਲੇ ਪਰਮਾਤਮਾ ਦੇ ਚੋਰ ਅਤੇ ਆਤਮਘਾਤੀ ਹਨ।

'ਕ੍ਰਿਪਾਨਿਧਿ ਛੋਡਿ ਆਨ ਕਉ ਪੂਜਹਿ ਆਤਮਘਾਤੀ ਹਰਤੇ।' ਐਸੇ ਮਨੁੱਖ ਗੁਰਸਿੱਖ ਖਾਲਸਾ ਨਹੀਂ ਅਖਵਾਉਂਦੇ। ਪ੍ਰਭੂ ਦੀ ਬੰਦਗੀ ਛੱਡਕੇ ਹੋਰ ਬਿਗਾਨੀ ਕਾਰ ਕਰਨ ਵਾਲਿਆਂ ਦਾ ਜੀਉਣਾ ਫਿਟਕਾਰ ਯੋਗ ਹੈ। ਐਸੇ ਮਨੁੱਖ ਮਾਨੋਂ ਅੰਮ੍ਰਿਤ ਨੂੰ ਤਿਆਗ ਕੇ ਜ਼ਹਿਰ ਇਕੱਠਾ ਕਰਨ ਵਿੱਚ ਲੱਗੇ ਰਹਿੰਦੇ ਹਨ-

ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗ ਵਾਸੁ॥
ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ॥

(ਮ. ੩, ਪੰਨਾ ੫੮੬)

ਇਕ ਅਕਾਲ ਪੁਰਖ ਦੀ ਅਰਾਧਨਾ ਉਪਾਸਨਾ ਅਤੇ ਸਿਮਰਨ ਕਰਨ ਵਾਲੇ ਹੀ ਸੰਸਾਰ ਸਮੁੰਦਰ ਤੋਂ ਪਾਰ ਹੁੰਦੇ ਹਨ-

ਸੰਸਾਰੁ ਸਾਗਰੁ ਤਿਨੀ ਤਰਿਆ
ਜਿਨੀ ਏਕੁ ਧਿਆਇਆ॥
ਤਜਿ ਕਾਮੁ ਕ੍ਰੋਧੁ ਅਨਿਦ ਨਿੰਦਾ
ਪ੍ਰਭ ਸਰਣਾਈ ਆਇਆ॥

(ਆਸਾ ਮ: ੫, ਪੰਨਾ ੪੬੧)

ਪਰਮਾਤਮਾ ਨੂੰ ਸਿਮਰਨ ਵਾਲਾ ਆਪਣੇ ਅੰਦਰੋਂ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ-

ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ॥

(ਪੰਨਾ ੭੪੨)

ਜਿਹੜੇ ਮਨੁੱਖ ਪਰਮਾਤਮਾ ਤੋਂ ਬਿਨਾਂ ਕਿਸੇ ਦੇਵੀ ਦੇਵਤਾ ਆਦਿਕ ਦੀ ਪੂਜਾ ਵਿੱਚ ਲੱਗੇ ਰਹਿੰਦੇ ਹਨ ਅਤੇ ਤੀਰਥ-ਇਸ਼ਨਾਨ ਆਦਿਕ ਨੂੰ ਧਾਰਮਿਕ ਕਰਮ ਮੰਨ ਕੇ ਧਾਰਮਿਕ ਹੋਣ ਦਾ ਅਹੰਕਾਰ ਕਰਦੇ ਹਨ ਉਹ ਮੋਹ ਦੇ ਬੰਧਨਾਂ ਵਿੱਚ ਜਕੜੇ ਰਹਿੰਦੇ ਹਨ, ਪਰਮਾਤਮਾ ਨੂੰ ਨਹੀਂ ਪ੍ਰਾਪਤ ਕਰ ਸਕਦੇ-

ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ



www.AKJ.Org

ਨਹ ਮਿਲੀਐ ਇਹ ਜੁਗਤਾ।।

(ਸੋਰਠਿ ਮ. ੫, ਪੰਨਾ ੬੪੨)

ਤੀਰਥ-ਇਸਨਾਲ ਆਦਿਕ ਧਾਰਮਿਕ ਕਰਮ ਅਹੰਕਾਰ ਰੂਪ ਮੈਲ ਨੂੰ ਹੀ ਵਧਾਂਦੇ ਹਨ -

ਕੋਟਿ ਤੀਰਥ ਮਜਨ ਇਸਨਾਨਾ
ਇਸੁ ਕਲਿ ਮਹਿ ਮੈਲੁ ਭਰੀਜੈ।।
ਸਾਧਸੰਗਿ ਜੋ ਹਰਿ ਗੁਣ ਗਾਵੈ
ਸੋ ਨਿਰਮਲ ਕਰਿ ਲੀਜੈ।।

(ਸੂਹੀ ਮ: ੫, ਪੰਨਾ ੭੪੭)

ਜਿਹੜਾ ਰਾਤ ਦਿਨ ਪਰਮਾਤਮਾ ਦਾ ਨਾਮ ਜਪਦਾ ਹੈ, ਜਿਸ ਮਨੁੱਖ ਨੂੰ ਗੁਰੂ ਰਾਹੀਂ ਆਤਮਿਕ ਜੀਵਨ ਦਾ ਗਿਆਨ ਹੋ ਗਿਆ ਹੈ ਉਸ ਲਈ ਇਹ ਮਨ ਹੀ ਕਾਂਸ਼ੀ ਹੈ। ਉਸ ਦੇ ਮਨ ਵਿਚ ਹੀ ਸਾਰੇ ਤੀਰਥ ਹਨ, ਜਿਸ ਮਨ ਵਿਚ ਪਰਮਾਤਮਾ ਵੱਸਦਾ ਹੈ -

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ
ਸਤਿਗੁਰਿ ਦੀਆ ਬੁਝਾਇ।।
ਅਠਸਠਿ ਤੀਰਥ ਤਿਸੁ ਸੰਗਿ ਰਹਹਿ
ਜਿਨ ਹਰਿ ਹਿਰਦੈ ਰਹਿਆ ਸਮਾਇ।।੪।।

(ਗੂਜਰੀ ਮ: ੩, ਪੰਨਾ ੪੯੧)

ਪਰਮਾਤਮਾ ਦੇ ਗੁਣਾਂ ਦੀ ਸਿਫਤਿ ਸਾਲਾਹ ਆਤਮਿਕ ਅਡੋਲਤਾ ਵਿੱਚ ਹੀ ਕੀਤੀ ਜਾ ਸਕਦੀ ਹੈ। ਜਿਸ ਦਾ ਮਨ ਇੱਧਰ-ਉੱਧਰ ਦੌੜਦਾ ਰਹਿੰਦਾ ਹੈ ਉਹ ਪ੍ਰਭੂ ਦੇ ਗੁਣ ਨਹੀਂ ਗਾ ਸਕਦਾ ਅਤੇ ਨਾ ਹੀ ਸ਼ੁੱਭ ਗੁਣਾਂ ਦਾ ਧਾਰਨੀ ਹੋ ਸਕਦਾ ਹੈ - ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ।। (ਪੰਨਾ ੫੬੫)

ਇਸ ਲਈ ਜਿਹੜੇ ਮਨੁੱਖ ਭਗਤੀ ਦਾ ਵਿਖਾਵਾ ਤਾਂ ਕਰਦੇ ਹਨ ਪਰ ਮਨ ਵਸ ਵਿਚ ਨਹੀਂ ਕਰ ਸਕਦੇ ਉਹਨਾਂ ਦੀ ਕੀਤੀ ਭਗਤੀ ਨਿਸਫਲ ਹੋ ਜਾਂਦੀ ਹੈ। ਉਹ ਵੀ ਕੂੜ ਕ੍ਰਿਆ ਵਿੱਚ ਹੀ ਲੱਗੇ ਹੋਏ ਹਨ।

ਜਦੋਂ ਤੱਕ ਮਨ ਛਲ-ਕਪਟ ਤੋਂ ਰਹਿਤ, ਪਵਿਤ੍ਰ ਨਾ ਹੋਵੇ, ਪ੍ਰਭੂ-ਸਿਮਰਨ ਵਿੱਚ ਟਿਕਿਆ ਨਾ ਹੋਵੇ, ਪੂਜਾ, ਪਾਠ ਕਰਨਾ ਆਦਿਕ ਪਾਖੰਡ ਬਣ ਜਾਂਦਾ ਹੈ। ਜਿਹੜਾ ਮਨੁੱਖ ਹਿਰਦੇ ਵਿੱਚ ਕਪਟ ਰੱਖਕੇ ਅੱਖਾਂ ਨੂੰ ਮੀਟ ਕੇ ਭਗਤੀ ਦਾ ਵਿਖਾਵਾ ਕਰਦਾ ਹੈ ਉਹ ਅੰਨ੍ਹਾ ਹੈ ਕਿਉਂਕਿ ਨਿਰੀਆਂ ਅੱਖਾਂ ਬੰਦ ਕਰਨ ਨਾਲ ਜੀਵਨ ਦਾ ਸਹੀ ਰਸਤਾ ਨਹੀਂ ਲੱਭ ਜਾਂਦਾ -

ਆਂਖ ਮੂੰਦਿ ਕੋਊ ਡਿੰਭ ਦਿਖਾਵੈ।।
ਆਂਧਰ ਕੀ ਪਦਵੀ ਕਹਿ ਪਾਵੈ।।
ਆਂਖਿ ਮੀਚ ਮਗ ਸੂਝ ਨ ਜਾਈ।।
ਤਾਹਿ ਅਨੰਤ ਮਿਲੈ ਕਿਮ ਭਾਈ।।

(ਬਚਿਤ੍ਰ ਨਾਟਕ ੬/੬੨)

ਇਸੇ ਤਰ੍ਹਾਂ ਜਿਹੜੇ ਸਿਰਫ ਸਰੀਰ ਉਤੇ ਬਨਾਉਟੀ ਭੇਖ ਧਾਰਨ ਕਰਦੇ ਹਨ ਪਰ ਮਨ ਭਟਕਦਾ ਰਹਿੰਦਾ ਹੈ, ਦੂਜਿਆਂ ਦਾ ਹੱਕ ਮਾਰਦੇ ਰਹਿੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਫਸੇ ਰਹਿੰਦੇ ਹਨ ਉਹ ਵੀ ਪ੍ਰਮਾਤਮਾ ਦੇ ਪਿਆਰੇ ਨਹੀਂ ਹੁੰਦੇ -

ਜੋ ਜੋ ਭੇਖ ਸੁ ਤਨ ਮੈਂ ਧਾਰੈ।।
ਤੇ ਪ੍ਰਭੁ ਜਨ ਕਛੁ ਕੈ ਨ ਬਿਚਾਰੈ।।
ਸਮਝ ਲੇਹੁ ਸਭ ਜਨ ਮਨ ਮਾਹੀ।।
ਡਿੰਭਨ ਮੈ ਪਰਮੇਸਰੁ ਨਾਹੀ।।

(ਬਚਿਤ੍ਰ ਨਾਟਕ ੬/੫੩)

ਅਸਲ ਵਿਚ ਜਿਹੜੇ ਮਨੁੱਖ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਤਿਆਗ ਕੇ ਕੂੜ ਕ੍ਰਿਆ ਵਿੱਚ ਉਲਝੇ ਰਹਿੰਦੇ ਹਨ ਉਹ ਮਾਨੋ ਮੂਲ ਨੂੰ ਛੱਡ ਕੇ ਡਾਲੀ ਤੋਂ ਛਾਂ ਦੀ ਉਮੀਦ ਕਰਦੇ ਹਨ -

ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ।।

(ਮ: ੧, ਪੰਨਾ ੪੨੦)

ਪਰ ਸਿਰਫ ਮੂੰਹੋਂ ਪਰਮਾਤਮਾ ਦਾ ਨਾਮ ਲੈਣਾ ਹੀ ਕਾਫ਼ੀ ਨਹੀਂ ਹੈ। ਪਰਮਾਤਮਾ ਦਾ ਨਾਮ ਮਨ ਵਿਚ ਵੱਸਣਾ ਚਾਹੀਦਾ ਹੈ -

ਰਾਮ ਰਾਮ ਸਭੁ ਕੋ ਕਹੈ
ਕਹਿਐ ਰਾਮੁ ਨ ਹੋਇ।।
ਗੁਰ ਪਰਸਾਦੀ ਰਾਮੁ ਮਨਿ ਵਸੈ
ਤਾ ਫਲੁ ਪਾਵੈ ਕੋਇ।।

(ਗੁਜਰੀ ਮ: ੩, ਪੰਨਾ ੪੯੧)

ਪਰਮਾਤਮਾ ਦਾ ਨਾਮ ਮਨ ਵਿੱਚ ਵਸਾਕੇ ਮਨੁੱਖ ਅਨੇਕਾਂ ਡਰਾਂ ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ਪਰਮਾਤਮਾ ਦੇ ਚਰਣ ਮਾਨੋਂ ਸੋਹਣਾ ਜਹਾਜ ਹਨ। ਜਿਹੜਾ ਮਨੁੱਖ ਗੁਰ-ਸ਼ਬਦ ਅਨੁਸਾਰ ਜੀਵਨ-ਘਾੜਤ ਘੜਦਿਆਂ ਹਰਿ ਚਰਨਾਂ ਦੀ ਅਰਾਧਨਾ ਕਰਦਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ-

ਭੈ ਸਾਗਰੋ ਭੈ ਸਾਗਰੁ ਤਰਿਆ
ਹਰਿ ਹਰਿ ਨਾਮੁ ਧਿਆਏ ਰਾਮ।।
ਬੋਹਿਥੜਾ ਹਰਿ ਚਰਣ ਅਰਾਧੇ
ਮਿਲਿ ਸਤਿਗੁਰ ਪਾਰਿ ਲੰਘਾਏ ਰਾਮ।।

(ਸੂਹੀ ਮ: ੫, ਪੰਨਾ ੭੮੨)

ਇਸ ਲਈ ਮਨ ਨੂੰ ਪਵਿਤ੍ਰ ਰੱਖਦੇ ਇੱਕ ਅਕਾਲ ਪੁਰਖ ਨਾਲ ਪਿਆਰ ਕਰਨਾ ਹੀ ਤੀਰਥ-ਇਸ਼ਨਾਨ, ਦਾਨ, ਪੁੰਨ ਅਤੇ ਤਪ ਕਰਨਾ ਹੈ ਕਿਉਂਕਿ ਪਰਮਾਤਮਾ ਨੂੰ ਪਿਆਰ ਕਰਨ ਵਾਲਾ ਸ਼ੁੱਭ ਗੁਣਾਂ ਦਾ ਧਾਰਨੀ ਹੋ ਜਾਂਦਾ



www.AKJ.Org

ਹੈ। ਉਸਦੇ ਅੰਦਰੋਂ ਕਾਮ, ਕ੍ਰੋਧ, ਹੰਕਾਰ, ਈਰਖਾ ਅਤੇ ਮਾਇਆ ਦੀ ਤ੍ਰਿਸ਼ਨਾ ਆਦਿਕ ਸਾਰੀ ਆਸੁਰੀ ਸੰਪਦਾ ਨਸ਼ਟ ਹੋ ਜਾਂਦੀ ਹੈ। ਗੁਰਵਾਕ ਹੈ-

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ
ਬਿਨਸਿ ਜਾਹਿ ਹਰਿ ਨਾਮੁ ਉਚਾਰੀ।।
ਇਸਨਾਨ ਦਾਨ ਤਾਪਨ ਸੁਚਿ ਕਿਰਿਆ,
ਚਰਣ ਕਮਲ ਹਿਰਦੈ ਪ੍ਰਭ ਧਾਰੀ।।

(ਸਵਯੇ ਸ੍ਰੀ ਮੁਖਵਾਕ ਮ: ੫, ਪੰਨਾ ੧੩੮੯)

ਪਰਮਾਤਮਾ ਨੂੰ ਪਿਆਰ ਕਰਨ ਵਾਲਾ ਇਹ ਸਮਝ ਜਾਂਦਾ ਹੈ ਕਿ ਉਹ ਪਰਮਾਤਮਾ ਦੀ ਹੀ ਅੰਸ਼ ਹੈ। ਉਸਦੇ ਅੰਦਰ ਪ੍ਰਭੂ ਦੀ ਜੋਤਿ ਜਗ ਪੈਂਦੀ ਹੈ। ਉਹ ਊਚ-ਨੀਚ, ਅਮੀਰ-ਗਰੀਬ, ਚੰਗੇ-ਮੰਦੇ ਸਾਰਿਆ ਵਿੱਚ ਹੀ ਪਰਮਾਤਮਾ ਦੀ ਜੋਤਿ ਨੂੰ ਵੇਖਦਾ ਹੈ। ਐਸਾ ਮਨੁੱਖ ਕਦੇ ਵੀ ਕਿਸੇ ਦਾ ਮੰਦਾ ਨਹੀਂ ਸੋਚਦਾ, ਉਠਦੇ, ਬੈਠਦੇ, ਸੌਂਦੇ, ਜਾਗਦੇ ਸਦਾ ਹੀ ਪਰਮਾਤਮਾ ਨੂੰ ਯਾਦ ਰੱਖਦਾ ਹੈ। ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਜਿਸਦੇ ਮਨ ਵਿੱਚ ਪਰਮਾਤਮਾ ਦੀ ਜੋਤਿ ਜਗ ਪਵੇ ਉਹੀ ਗੁਰਸਿੱਖ ਹੈ, ਉਹੀ ਖਾਲਸਾ ਹੈ--

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ।।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।।
ਤੀਰਥ ਦਾਨ ਦਯਾ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ।।
ਪੂਰਨ ਜੋਤਿ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ।।

(੩੩ ਸਵੈਯੇ ਪਾ: ੧੦)

ਨਨਨਨਨ

(ਪੰਨਾ ੨੮ ਦਾ ਬਾਕੀ........)

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ
ਕੋਈ ਨ ਪਕੜੀਐ ਕਿਸੈ ਥਾਇ।। ੩।।

(ਆਸਾ ਮਹਲਾ ੫, ਪੰਨਾ ੪੦੬)

ਜੋ ਕਰਮ ਤੁਸੀਂ ਕੀਤੇ ਜਾ ਕਰਵਾਏ ਹਨ ਉਹਨਾ ਦਾ ਫਲ ਤਾਂ ਤੁਹਾਨੂੰ ਹੀ ਭੁਗਤਣਾ ਪੈਣਾ ਹੈ। ਤੁਹਾਡੇ ਕਰਮਾਂ ਦਾ ਫਲ ਕਿਸੇ ਹੋਰ ਨੇ ਨਹੀਂ ਭੁਗਤਣਾ। ਹੁਣ ਹਾਏ-ਹਾਏ ਕਰਨ ਦੀ ਥਾਂ ਪਛਤਾਵਾ ਕਰਕੇ ਉਸ ਮਾਲਕ ਪਾਸ ਫ਼ਰਿਆਦੀ ਹੋਵੋ। ਉਹ ਬੜਾ ਦਿਆਲੂ ਹੈ, ਕ੍ਰਿਪਾਲੂ ਹੈ। ਉਸ ਦੀ ਬਖ਼ਸ਼ਿਸ਼ ਦੀ ਨਿਗਾਹ ਅੱਗੇ ਇਹ ਕਰਮ, ਹੜ੍ਹ ਦੇ ਅੱਗੇ ਤਿਨਕੇ ਵਾਂਗ ਰੁੜ੍ਹ ਜਾਂਦੇ ਹਨ। ਬੀਤ ਚੁੱਕਾ ਸਮਾਂ ਹੁਣ ਹੱਥ ਨਹੀਂ ਆਉਣ ਲੱਗਾ, ਹੁਣ ਸਮਾਂ ਜੋ ਸਾਡੇ ਪਾਸ ਹੈ, ਇਸ ਸਮੇਂ ਵਿੱਚ ਪਿਛਲੇ ਕੀਤੇ ਪਾਪ ਕਰਮਾਂ ਦਾ ਪਛਤਾਵਾ ਕਰਕੇ, ਸਤਿਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਦਾ ਯਤਨ ਕਰੋ। ਅਗਲੇਰੇ ਆਉਣ ਵਾਲੇ ਸਮੇਂ ਵਿੱਚ ਗੁਰੂ ਸਿੱਖਿਆ ਅਧੀਨ ਮਾੜੇ ਕਰਮ ਕਰਨ ਤੋਂ ਸਦਾ ਸੁਚੇਤ ਰਹੋ। ਤਕਰੀਬਨ ਇੱਕ ਸਾਲ ਮੰਜੇ ਤੇ ਪੈ ਕੇ ਦੁੱਖ ਭੋਗਣ ਉਪਰੰਤ ਵੀ ਅਜੇ ਉਹ ਇਕ ਲੱਤ ਦੇ ਭਾਰ ਲੰਗਾ ਕੇ ਤੁਰਦੇ ਹਨ ਤੇ ਹੁਣ ਹੋਰ ਕਈਆਂ ਨੂੰ ਮਾੜੇ ਕਰਮਾਂ ਤੋਂ ਬਚਣ ਲਈ ਆਪਣੀ ਹੱਡ-ਬੀਤੀ ਦੱਸ ਕੇ ਸਿੱਖਿਆ ਦਿੰਦੇ ਹਨ।

ਨਨਨਨਨ

'ਸੂਰਾ' ਮਾਸਿਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ ਫਾਰਮ ੪ (ਰੂਲ ੮)

੧. ਪ੍ਰਕਾਸ਼ਨ ਅਸਥਾਨ ..................................ਲੁਧਿਆਣਾ।
੨. ਪ੍ਰਕਾਸ਼ਨ ਸਮਾਂ ..........................................ਮਾਸਕ ਪੱਤਰ।
੩. ੪., ੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ ..........ਹਰਬੰਸ ਸਿੰਘ, ਭਾਰਤੀ।
੬. ਮਾਲਕ ...................................................ਅਖੰਡ ਕੀਰਤਨੀ ਜੱਥਾ।

ਜੱਥੇਦਾਰ ਭਾਈ ਰਾਮ ਸਿੰਘ ਜੀ, ੧੦੨, ਰਾਣੀ ਦਾ ਬਾਗ, ਅੰਮ੍ਰਿਤਸਰ।

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ / 2-3-96

ਦਸਖ਼ਤ
ਹਰਬੰਸ ਸਿੰਘ



www.AKJ.Org

# ਸਤਿਗੁਰ ਨੂੰ ਰਹਿਤ ਪਿਆਰੀ

(ਭਾਈ ਸੁਖਦੇਵ ਸਿੰਘ, ਪਿੰਡ ਜਾਣੀਆਂ, ਜਿਲਾ ਅੰਮ੍ਰਿਤਸਰ)

ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।
ਸਤਿਗੁਰ ਨੂੰ ਸਿੱਖੀ ਪਿਆਰੀ, ਸਿੱਖ ਪਿਆਰਾ ਨਹੀਂ।

ਅੰਮ੍ਰਿਤ-

ਪਹਿਲੀ ਜੋ ਰਹਿਤ ਸਿੱਖ ਲਈ,ਅੰਮ੍ਰਿਤ ਹੈ ਖੰਡੇ ਦਾ।
ਇੱਕੋ ਇਲਾਜ ਹੈ "ਸਿੱਖੀ", ਹਉਮੇ ਦੇ ਕੰਡੇ ਦਾ ।
ਇਹੋ ਪੈਗਾਮ ਹੈ ਸਭ ਨੂੰ, ਕੇਸਰੀ ਝੰਡੇ ਦਾ ।
ਸਭਨਾ ਲਈ ਖੁੱਲ੍ਹਾ ਇਹ ਦਰ, ਐਸਾ ਕੋਈ ਦੁਆਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਭੇਟਾ : ਪ੍ਰਾਣੀ ਜੋ ਪਾਹੁਲ ਛਕਣ ਲਈ ਪੰਜਾਂ ਕੋਲ ਜਾਣਗੇ।
ਪੰਜ ਪਿਆਰੇ ਪਾਸ ਹੋਇਆ ਨੂੰ, ਅੰਮ੍ਰਿਤ ਛਕਾਣਗੇ।
ਰਹਿਤਾਂ, ਜੋ ਹੁਕਮ ਗੁਰਾਂ ਦੇ, ਸਭ ਨੂੰ ਸੁਣਾਵਣਗੇ।
ਪਹਿਲਾਂ ਸਿਰ ਭੇਟਾ, ਪਿੱਛੋਂ ਅੰਮ੍ਰਿਤ,ਕੋਈ ਲਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਗੁਰੂ : ਬਾਣੀ ਹੈ ਗੁਰੂ,ਗੁਰੂ ਹੈ ਬਾਣੀ,ਭੁਲ ਕੇ ਵੀ ਭੁੱਲੇ ਨਾ ।
ਗਿਆਨ ਦੀ ਅੱਖ, ਗੁਰੂ ਤੋਂ ਬਿਨਾਂ ਕਦੇ ਖੁਲ੍ਹੇ ਨਾ।
ਐਵੇਂ ਕੋਈ ਭੇਖ ਬਣਾ ਕੇ ਹੈਂਕੜ ਵਿੱਚ ਫੁੱਲੇ ਨਾ।
ਗੁਰੂ ਲੜ ਲੱਗਣ ਬਿਨਾਂ ਪਾਰ ਉਤਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਬੱਜਰ ਕੁਰਿਹਤਾਂ :

ਪੈਰਾਂ ਤੋਂ ਸਿਰ ਦੀ ਚੋਟੀ, ਰੋਮ ਕਟਵਾਉਣਾ ਨਾਂ।
ਆਂਡੇ ਤੇ ਮੀਟ ਮੱਛੀ ਨੂੰ, ਕਦੇ ਵੀ ਮੂੰਹ ਲਾਉਣਾ ਨਾਂ।
ਨਸ਼ਿਆ ਵਿੱਚ ਪੈ ਕੇ ਐਵੇਂ ਜਿੰਦਗੀ ਗਵਾਉਣਾ ਨਾਂ।
ਪਰ ਤਨ ਜੋ ਗਮਨ ਕਰੇਗਾ, ਉਸਦਾ ਛੁਟਕਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਕਕਾਰ :

ਸਤਿਗੁਰ ਨੇ ਬਖਸ਼ੇ ਸਾਨੂੰ ਪੰਜ ਕਕਾਰ ਜੀ।
ਕੰਘਾ, ਕਿਰਪਾਨ, ਕਛਹਿਰਾ, ਕੇਸਕੀ, ਇਹ ਚਾਰ ਜੀ।
ਪੰਜਵਾਂ ਹੈ ਕੜਾ, ਸਰਬ ਲੋਹੇ ਦਾ, ਵਾਰ ਰੋਕਦਾ ਜੀ।
ਸਤਿਗੁਰ ਨੂੰ ਨਹੀਂ ਭਰੋਸਾ, ਖਾਲਸਾ ਜੇ ਨਿਆਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਨਿੱਤਨੇਮ:

ਅੰਮ੍ਰਿਤ ਵੇਲਾ, ਨਾਮ ਦਾ ਵੇਲਾ,ਸੌਣਾ ਨਾ ਨਾਮ ਵੇਲੇ।
ਅੰਮ੍ਰਿਤ ਵੇਲੇ ਪੰਜ ਬਾਣੀਆਂ, ਸੋਦਰੁ ਹੈ ਸ਼ਾਮ ਵੇਲੇ।
ਸੋਹਿਲੇ ਦਾ ਪਾਠ ਹੈ ਕਰਨਾ, ਰਾਤੀਂ ਵਿਸ਼ਰਾਮ ਵੇਲੇ।
ਵੇਲਾ ਜੋ ਬੀਤ ਗਿਆ, ਉਹ ਆਉਣਾ ਦੁਬਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਇੱਕ ਟੇਕ :

ਕੇਵਲ ਗੁਰੂ ਗ੍ਰੰਥ ਸਾਹਿਬ ਦੇ, ਚਰਨੀ ਸਿਰ ਧਰਨਾ ਏ।
ਕਹੇ ਗੁਰਬਾਣੀ ਜੋ ਵੀ, ਸਿੱਖ ਨੇ ਉਹ ਕਰਨਾ ਏਂ।
ਜਾਣਾ ਜੋ ਮੜ੍ਹੀ ਮਸਾਣੀ, ਜਿਉਦੇਂ ਹੀ ਮਰਨਾ।
ਦੇਵੀ ਤੇ ਦੇਵਤਿਆਂ ਦਾ ਤੱਕਣਾ ਸਹਾਰਾ ਨਹੀਂ।
ਸਤਿਗੁਰੂ ਨੂੰ ਰਹਿਤ ਪਿਆਰੀ , ਸਿੱਖ ਪਿਆਰਾ ਨਹੀਂ।

ਕੀਰਤਨ :

ਕਦੇ ਮਨਘੜਤ ਧਾਰਨਾ, ਕੀਰਤਨ ਵਿੱਚ ਲਾਉਣਾ ਨਾਂ।
ਅਰਥਾਂ ਦੇ ਪਾ ਭੁਲੇਖੇ, ਬਾਣੀ ਬਦਲਾਉਣਾ ਨਾ।
ਰਹਿਣਾਂ ਸਦਾ ਭਾਈ ਬਣਕੇ, 'ਸੰਤ' ਕਹਾਉਣਾ ਨਾਂ।
ਪੜ੍ਹ ਲਓ ਇਤਹਾਸ ਆਪਣਾ,ਕਾਫੀ ਜੇ ਇਸ਼ਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਸਿੱਖ ਦਾ ਰੁਤਬਾ :

ਬੰਦ ਬੰਦ ਕਟਵਾਵਣ ਵਾਲਾ, ਉਹ ਵੀ ਤਾਂ ਭਾਈ ਸੀ।
ਤਨ ਨੂੰ ਚਿਰਵਾਵਣ ਵਾਲਾ, ਉਹ ਵੀ ਤਾਂ ਭਾਈ ਸੀ।
ਖੋਪਰੀ ਲੁਹਾਵਣ ਵਾਲਾ, ਉਹ ਵੀ ਤਾਂ ਭਾਈ ਸੀ।
ਭੁੱਲ ਗਿਆ ਇਤਿਆਸ ਪੰਥ ਜੇ, ਰਹਿਣਾ ਨਿਆਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ ਸਿੱਖ ਪਿਆਰਾ ਨਹੀਂ।

ਇਤਿਹਾਸ :

ਗੁਰਾਂ ਦਾ ਸਾਹਿਬਜਾਦਾ, ਨਾਂ ਜਿਸਦਾ ਰਾਮ ਰਾਏ ਸੀ।
ਬਦਲਿਆ ਉਹਨੇ ਇਕ ਸ਼ਬਦ,ਗੁਰਾਂ ਹੁਕਮ ਸੁਣਾਏ ਸੀ।
ਮੱਥੇ ਨਹੀਂ ਲੱਗਣਾ ਉਸਦੇ ਸਤਿਗੁਰ ਫੁਰਮਾਏ ਸੀ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਗੁਰੂ ਕਾ ਲੰਗਰ :

ਨਿਗਰੇ ਦਾ ਹੈ ਨਾਂ ਬੁਰਾ ਜੀ, ਸਤਿਗੁਰ ਫੁਰਮਾਂਦੇ ਨੇ।
ਗੁਰੂ ਕਾ ਲੰਗਰ ਇਸ ਲਈ , ਸਿੱਖ ਹੀ ਸਜਾਉਂਦੇ ਨੇ।
ਸਿੱਖ ਨੇ ਜੋ ਅੰਮ੍ਰਿਤ ਛਕ ਕੇ, ਰਹਿਤਾਂ ਅਪਨਾਉਂਦੇ ਨੇ।
ਰਹਿਤ ਤੋਂ ਬਿਨਾਂ ਪਿਆਰੇ, ਹੋਣਾ ਗੁਜਾਰਾ ਨਹੀ ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਸਰਬ ਲੋਹ :

ਸਰਬ ਲੋਹ ਦੇ ਨਾਲ ਗੁਰਾ ਦਾ, ਇਤਨਾ ਏ ਪਿਆਰ ਜੀ।
ਸਰਬ ਲੋਹ ਵਿੱਚ ਅੰਮ੍ਰਿਤ ਪਿਆਰਾ, ਕੀਤਾ ਏ ਤਿਆਰ ਜੀ।
ਖੰਡੇ-ਬਾਟੇ ਦਾ ਅੱਜ ਵੀ, ਕਰ ਲਉ ਦੀਦਾਰ ਜੀ।
ਢਿੱਲ ਹੈ, ਜੇ ਗੁਰੂ ਕੇ ਲੰਗਰ, ਐਸਾ ਵਰਤਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਗੁਰਮਤਿ ਟਕਸਾਲ :

ਹਰ ਇੱਕ ਗੁਰਦੁਆਰਾ, ਗੁਰਮਿਤ ਟਕਸਾਲ ਏ।
ਇੱਥੋ ਜੋ ਸਿੱਖਿਆ ਮਿਲਨੀ , ਜੀਵਣ ਦੀ ਚਾਲ ਏ।
ਕਰਨਾ ਪ੍ਰਬੰਧਕਾਂ ਨੇ ਹੀ, ਇਸ ਦਾ ਖਿਆਲ ਏ।
ਜਿੱਥੇ ਮਨ ਦੀ ਮੱਤ ਚੱਲੇ, ਉਹ ਗੁਰਦੁਆਰਾ ਨਹੀਂ।



www.AKJ.Org

ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਸੰਗਤ :

ਰਹਿਤ ਵਿੱਚ ਪੱਕੇ ਰਹਿਣ ਲਈ, ਬਹੁਤ ਜਰੂਰੀ ਜੀ।
ਗੁਰਮੁਖਾਂ ਦੀ ਸੰਗਤ ਕਰਨਾ, ਮਨਮੁੱਖ ਤੇ ਦੂਰੀ ਜੀ।
ਗੁਰੂ ਦੀ ਬਿਨਾਂ ਮਿਹਰ ਤੋਂ, ਮੁਸ਼ਕਲ-ਮਜਬੂਰੀ ਜੀ।
ਗੁਰ ਬਿਨ ਸੰਸਾਰ ਸਾਗਰ ਦਾ, ਮਿਲਦਾ ਕਿਨਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਨਿਮਰਤਾ :

ਰਹਿਤਾਂ ਵਿੱਚ ਰਹਿਣਾ ਹੈ, ਪਰ ਕਰਨਾ ਹੰਕਾਰ ਨਹੀਂ।
ਪਲ ਵਿੱਚ ਕੀ ਹੋ ਜਾਣਾ, ਮਨ ਦਾ ਇਤਬਾਰ ਨਹੀਂ।
ਗੁਰੂ ਦੀ ਬਿਨਾਂ ਮਿਹਰ ਤੋਂ, ਲੰਘਦਾ ਕੋਈ ਪਾਰ ਨਹੀਂ।
ਮਿਹਰ ਵਿੱਚ ਦੇਰ, ਗੁਰੂ-ਦਰ ਢਹਿੰਦਾ ਮਨ ਸਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ ਸਿੱਖ ਪਿਆਰਾ ਨਹੀਂ।

ਅਰਜ :

ਪੰਥ ਨੂੰ ਇਕ ਰਹਿਤ ਵਿੱਚ, ਲੋੜ ਹੈ ਬੰਨ੍ਹਣ ਦੀ।
ਭੇਖੀ ਦੇ ਭੇਖ ਦਾ ਭਾਂਡਾ, ਲੋੜ ਹੈ ਭੰਨਣ ਦੀ।
ਇਸ ਤੋਂ ਵੱਧ ਹੈ ਕਹਿਣਾ, ਲੋੜ ਹੈ ਮੰਨਣ ਦੀ।
ਅਰਜ਼ 'ਸੁਖਦੇਵ ਸਿੰਘ' ਦੀ, ਹੋਰ ਕੋਈ ਚਾਰਾ ਨਹੀਂ।
ਸਤਿਗੁਰ ਨੂੰ ਰਹਿਤ ਪਿਆਰੀ, ਸਿੱਖ ਪਿਆਰਾ ਨਹੀਂ।

ਕਕਕਕਕ

## ਧੰਨ ਧੰਨ ਗੁਰਸਿਖ ਜੋ ਵਾਹਿਗੁਰੂ ਨੂੰ ਭਾਉਂਦੇ ਜੇ

(ਨਰਿੰਦਰ ਕੌਰ ਫੇਰੋਚੇਚੀ (ਗੁਰਦਾਸਪੁਰ))

ਧੰਨ ਧੰਨ ਗੁਰਸਿੱਖ ਜੋ, ਵਾਹਿਗੁਰੂ ਨੂੰ ਭਾਉਂਦੇ ਜੇ।
ਕਿਰਤ ਵਿਰਤ ਕਰਕੇ, ਸਾਧ ਸੰਗਤ 'ਚ ਆਉਂਦੇ ਜੇ।
ਕੱਚੇ ਰੰਗ ਨੂੰ ਲਾਹ ਕੇ, ਨਾਮ ਬਾਣੀ ਦਾ ਰੰਗ ਲਾਉਂਦੇ ਜੇ।
ਗੁਰਸਿੱਖਾਂ ਦੀ ਧੂੜ, ਚੁੱਕ ਚੁੱਕ ਮੱਥੇ ਲਾਉਂਦੇ ਜੇ।
ਅੰਮ੍ਰਿਤ ਵੇਲੇ ਉਠ ਕੇ, ਖੰਡਾ ਖੂਬ ਖੜਕਾਉਂਦੇ ਜੇ।
ਧੰਨ ਧੰਨ ਗੁਰਸਿੱਖ ਜੋ, ਵਾਹਿਗੁਰੂ ਨੂੰ ਭਾਉਂਦੇ ਜੇ।
ਗੁਰਸਿੱਖ ਪਰਉਪਕਾਰੀ, ਨਾਮ ਦੇ ਵਪਾਰੀ ਹੁੰਦੇ ਜੇ।
ਗਰੀਬ ਦੀ ਹਮਦਰਦੀ, ਸੱਚ ਦੇ ਪੁਜਾਰੀ ਹੁੰਦੇ ਜੇ।
ਤਪਦਿਆਂ ਨੂੰ ਠਾਰਨ ਵਾਲੇ, ਵਾਹਿਗੁਰੂ ਦੇ ਪਿਆਰੇ ਹੁੰਦੇ ਜੇ।
ਸੰਸਾਰ ਨੂੰ ਤਾਰਨ ਵਾਲੇ, ਗੁਰਸਿੱਖ ਪਿਆਰੇ ਹੁੰਦੇ ਜੇ।
ਸਰਬੱਤ ਦਾ ਭਲਾ ਮੰਗਣਾ, ਨਾਹਰਾ ਇਹੋ ਲਾਉਂਦੇ ਜੇ।
ਧੰਨ ਧੰਨ ਗੁਰਸਿੱਖ, ਜੋ ਵਾਹਿਗੁਰੂ ਨੂੰ ਭਾਉਂਦੇ ਜੇ।

ਕਕਕਕਕ

## ਬਾਬਾ ਦੀਪ ਸਿੰਘ ਦੀ ਸ਼ਹੀਦੀ

ਦਮਦਮਾ ਸਾਹਿਬ ਵਿੱਚ ਜਦੋਂ ਦੀਪ ਸਿੰਘ ਨੇ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਨਿਰਾਦਰੀ ਦੀ ਖ਼ਬਰ ਸੁਣੀ ਤਾਂ ਉਹ ਤੁਰੰਤ ਉਸ ਦਾ ਬਦਲਾ ਲੈਣ ਲਈ ਉਥੋਂ ਚੱਲ ਪਿਆ। ਜਦੋਂ ਉਹ ਮਾਝੇ ਵੱਲ ਨੂੰ ਆਇਆ ਤਾਂ ਉਸ ਦੇ ਨਾਲ ਸਿੱਖ ਜੁੜਦੇ ਗਏ ਅਤੇ ਉਸ ਦੇ ਤਰਨ-ਤਾਰਨ ਪੁੱਜਣ ਸਮੇਂ ਤੱਕ ਉਸ ਨਾਲ 5000 ਆਦਮੀ ਇਕੱਠੇ ਹੋ ਚੁੱਕੇ ਸਨ। ਗੋਹਰਵਾਲ ਦੀ ਲੜਾਈ ਵਿੱਚ ਉਸ ਨੂੰ ਇੱਕ ਮਾਰੂ ਜਖ਼ਮ ਲੱਗਾ ਪਰ ਆਪਣੇ ਜ਼ਖ਼ਮੀ ਸਿਰ ਨੂੰ ਸਹਾਰਾ ਦੇ ਕੇ ਉਹ ਉਦੋਂ ਤੱਕ ਲੜਦਾ ਗਿਆ ਜਦ ਤੱਕ ਕਿ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਡਿੱਗ ਕੇ ਆਪਣੇ ਸੁਆਸ ਨਹੀਂ ਤਿਆਗ ਗਿਆ। ਉਸ ਥਾਂ ਤੇ ਉਸ ਦੀ ਯਾਦ ਵਿੱਚ ਸਮਾਧ ਬਣੀ ਹੋਈ ਹੈ। ਰਾਮਸਰ ਤੋਂ ਬਾਹਰ, ਜਿੱਥੇ ਉਹ ਜ਼ਖ਼ਮੀ ਹੋਇਆ ਸੀ, ਉਸ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ।

ਸਿੱਖ ਇਤਿਹਾਸ (1469-1765)
(ਪ੍ਰਿੰ: ਤੇਜਾ ਸਿੰਘ ਤੇ ਡਾ: ਗੰਡਾ ਸਿੰਘ)

ਪਉੜੀ।। ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ।।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ।।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ।।
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ।।
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ।।੧੮।।

(ਵਡਹੰਸ ਕੀ ਵਾਰ ਮ: ੪, ਪੰਨਾ ੫੯੩)



www.AKJ.Org

## ਬੱਚਿਆਂ ਲਈ ਸਵਾਲ

1. "ਹਮਮਸਕੀਨਖੁਦਾਈਬੰਦੇਤੁਮਰਾਜਸੁਮਨਭਾਵੈ।।"

ਇਸ ਤੁਕ ਨੂੰ ਪਦ ਛੇਦ ਕਰ ਕੇ ਲਿਖੋ ਅਤੇ ਇਸ ਦੇ ਅਰਥ ਵੀ ਦੱਸੋ।

2. 'ਆਸਾ ਦੀ ਵਾਰ' ਅਤੇਂ 'ਕੀਰਤਨੀ ਆਸਾ ਦੀ ਵਾਰ' ਵਿੱਚ ਕੀ ਫਰਕ ਹੈ ?

3. 'ਭਉ' ਤੇ 'ਭਾਉ' ਸ਼ਬਦਾਂ ਵਾਲੀਆਂ ਕੋਈ ਦੋ ਤੁਕਾਂ ਲਿਖੋ ਜਿਨ੍ਹਾਂ ਤੋਂ ਇਨ੍ਹਾਂ ਸ਼ਬਦਾਂ ਦੇ ਅਰਥ ਉੱਘੜ ਆਉਣ।

4. ਅਰਦਾਸ ਵਿੱਚ ਅਸੀਂ ਹਰ ਰੋਜ਼ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰੇ ਪਰ ਧਰਮ ਨਹੀਂ ਹਾਰਿਆ, ਅਜੇਹੇ ਕੋਈ ਚਾਰ ਸਿਦਕੀ ਸਿੱਖਾਂ ਦੇ ਨਾਮ ਲਿਖੋ ਅਤੇ ਦੱਸੋ ਕਿ ਉਨ੍ਹਾਂ ਨੇ ਕੀ ਅਦੁੱਤੀ ਕੁਰਬਾਨੀ ਕੀਤੀ ?

5. ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਕਦੋਂ ਤੇ ਕਿਸ ਨੇ ਬਾਰੂਦ ਨਾਲ ਉਡਾਇਆ ਅਤੇ ਉਸ ਜ਼ਾਲਮ ਦਾ ਕੀ ਹਸ਼ਰ ਹੋਇਆ ?

### ਅਪ੍ਰੈਲ ੧੯੯੬

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ..........................

ਉਮਰ ..........................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ?

..........................

ਨੋਟ:- 1 ਇਨ੍ਹਾਂ ਸਵਾਲਾਂ ਦੇ ਜਵਾਬ ੩੦ ਅਪ੍ਰੈਲ. ੧੯੯੬ ਤੱਕ "ਸੂਰਾ" ਦਫਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਨਾਲ ਦਿੱਤਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ। 7. ਕੂਪਨ ਭਰਨ ਵਿੱਚ ਗਲਤ ਬਿਆਨੀ ਨਹੀਂ ਹੋਣੀ ਚਾਹੀਦੀ।

ਪਿਆਰੇ ਬੱਚਿਓ । "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ. ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।

## ਪਖੰਡੀ ਸਾਧ

ਆਂਖਨ ਭੀਤਰ ਤੇਲ ਕੋ ਡਾਰ ਸੁ ਲੋਗਨ ਨੀਰ ਬਹਾਇ ਦਿਖਾਵੈ।।
ਜੋ ਧਨਵਾਨ ਲਖੈ ਨਿਜ ਸੇਵਕ, ਤਾਹਿ ਪਰੋਸ ਪ੍ਰਸਾਦਿ ਜਿਮਾਵੈ।।
ਜੋ ਧਨਹੀਨ ਲਖੈ ਤਿਹ ਦੇਤ ਨ ਮਾਂਗਨ ਜਾਤ ਮੁਖੋ ਨ ਦਿਖਾਵੈ।।
ਲੂਟਤ ਹੈ ਪਸੁ ਲੋਗਨ ਕੋ, ਕਬਹੂੰ ਨ ਪ੍ਰਮੇਸਰ ਕੋ ਗੁਨ ਗਾਵੈ।।੩੦।।

(ਤੇਤੀ ਸਵੈਯੇ, ਪਾ: ੧੦)

ਪਖੰਡੀ ਸਾਧ ਆਪਣੀਆਂ ਅੱਖਾਂ ਵਿੱਚ ਤੇਲ ਪਾ ਕੇ ਲੋਕਾਂ ਨੂੰ ਅੱਖਾਂ ਵਿੱਚੋਂ ਹੰਝੂ ਕੇਰ ਕੇ ਦਿਖਾਉਂਦੇ ਹਨ ਭਾਵ ਰੋ ਰੋ ਕੇ ਦੱਸਦੇ ਹਨ। ਜੇ ਉਨ੍ਹਾਂ ਦਾ ਚੇਲਾ ਦੌਲਤਮੰਦ (ਧਨਵਾਨ) ਹੁੰਦਾ ਹੈ ਤਾਂ ਉਸ ਨੂੰ ਬੜੇ ਆਦਰ ਨਾਲ ਪ੍ਰਸਾਦ (ਭੋਜਨ) ਥਾਲ ਵਿੱਚ ਪਰੋਸ ਕੇ ਖੁਆਉਂਦੇ ਹਨ। ਜੇ ਗਰੀਬ (ਧਨਹੀਨ) ਚੇਲਾ ਆ ਜਾਏ ਤਾਂ ਉਸ ਨੂੰ ਮੰਗਣ ਤੇ ਵੀ ਕੁਝ ਨਹੀਂ ਮਿਲਦਾ ਸਗੋਂ ਪਖੰਡੀ ਬਾਬਾ ਆਪਣਾ ਮੂੰਹ ਛੁਪਾ ਲੈਂਦਾ ਹੈ ਅਰਥਾਤ ਪਿੱਠ ਭੁਆ ਲੈਂਦਾ ਹੈ। ਇਹ ਪਖੰਡੀ-ਸਾਧ ਪਸ਼ੂ ਨਿਆਈਂ ਹਨ ਜੋ ਲੋਕਾਂ ਨੂੰ ਲੁੱਟ ਰਹੇ ਹਨ ਅਤੇ ਕਦੇ ਵੀ ਵਾਹਿਗੁਰੂ ਦੇ ਗੁਣ ਨਹੀਂ ਗਾਉਂਦੇ।

## ਸਿੱਖੀ ਦੇ ਬੂਟੇ ਦੀ ਸੋਝੀ

ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਚੂਹੜ ਨੂੰ ਬਖਸ਼ੀ :-

(ੳ) ਜੜ੍ਹ :- ਸਿੱਖੀ ਦੀ ਜੜ੍ਹ ਨਿਮ੍ਰਤਾ ਹੈ। ਜੇ ਨਿਮ੍ਰਤਾ ਨਹੀਂ ਤਾਂ ਸਿੱਖੀ ਦਾ ਬੀਜ ਪ੍ਰਫੁਲਤ ਨਹੀਂ ਹੁੰਦਾ।

(ਅ) ਟਾਹਣੇ :- ਟਹਿਲ ਸੇਵਾ ਸਿੱਖੀ ਦਾ ਟਾਹਣ ਹੈ। ਉਦਮ ਨਾਲ, ਉਮਾਹ ਨਾਲ ਕ੍ਰਿਆਸ਼ੀਲ ਹੋ ਕੇ ਸੇਵਾ ਕਰਨੀ ਜਿਵੇਂ ਭਾਈ ਮੰਝ, ਭਾਈ ਬਹਿਲੋ ਤੇ ਭਾਈ ਸਾਹਲੋ ਨੇ ਕੀਤੀ।

(ੲ) ਪੱਤੇ :- ਸਾਧ ਸੰਗਤ ਇਸ ਦਾ ਪੱਤਰ (ਪੱਤੇ) ਹੈ। ਇਸ ਦੀ ਘਣ-ਪਤਰੀ ਛਾਂ ਵਿੱਚ ਹੀ ਠੰਢਕ ਹੈ।

(ਸ) ਫੁੱਲ :- ਸ਼ਬਦ ਦੀ ਸੋਝੀ ਇਸਦਾ ਫੁੱਲ ਹੈ। ਇਸ ਤੋਂ ਹੀ ਅੰਦਰਾ ਖਿੜਦਾ ਤੇ ਜੀਵਨ ਮਹਿਕਦਾ ਹੈ। ਫੁਲ, ਦੇਹ ਵਿੱਚ ਵਿਦੇਹ ਦੀ ਪ੍ਰਾਪਤੀ ਹੈ।

ਅਰਦਾਸ ਭਾਵੇਂ ਨਿੱਜੀ ਕਰੀਏ ਜਾਂ ਸਾਂਝੀ ਪਰ ਆਪ ਉਥੇ ਹਾਜ਼ਰ ਜ਼ਰੂਰ ਹੋਈਏ।

www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈਕ, ਡਰਾਫਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 3. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। -- ਸੰਪਾਦਕ

## ਖਾਲਸੇ ਦੇ ਜਨਮ ਉਤਸਵ ਦੀ ਖੁਸ਼ੀ ਵਿੱਚ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ

ਗੁ: ਦੂਖ ਨਿਵਾਰਨ ਸਾਹਿਬ, ਫੀਲਡ ਗੰਜ, ਨੇੜੇ ਜਗਰਾਉਂ ਪੁਲ ਵਿਖੇ 27 ਅਪ੍ਰੈਲ ਸ਼ਨੀਵਾਰ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਆਰੰਭ ਹੋਵੇਗਾ। ਭੋਗ ਐਤਵਾਰ 28 ਅਪ੍ਰੈਲ ਸਵੇਰੇ 4 ਵਜੇ।

## ਬਠਿੰਡਾ ਵਿਖੇ ਅਖੰਡ ਕੀਰਤਨ ਸਮਾਗਮ

4 ਮਈ 1996 ਸ਼ਨੀਵਾਰ ਸਵੇਰੇ ਦਿਵਸ ਸੁਹੇਲਾ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਗੁ: ਕਿਲਾ ਮੁਬਾਰਕ ਵਿਖੇ ਹੋਵੇਗਾ।

ਹੁਸ਼ਿਆਰਪੁਰ ਵਿਖੇ ਸਾਲਾਨਾ ਸ਼ਹੀਦੀ ਸਮਾਗਮ 18 ਮਈ ਤੋਂ 22 ਮਈ 1996। ਵੇਰਵਾ ਆਉਂਦੇ ਪਰਚੇ ਵਿੱਚ।

## ਜ਼ਰੂਰੀ ਸੂਚਨਾ

ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ 'ਸੂਰਾ' ਦਾ ਸਬ-ਆਫਿਸ (ਡਾਕਖਾਨੇ ਦੇ ਸਾਹਮਣੇ) ਖੋਲ੍ਹਿਆ ਗਿਆ ਹੈ। ਹਰ ਪ੍ਰਕਾਰ ਦਾ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਹੀ ਭੇਜਿਆ ਜਾਇਆ ਕਰੇ ਜੀ-

'ਸੂਰਾ' ਮਾਸਿਕ ਪੱਤਰ,
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,
ਡਾਕਖਾਨਾ, ਮਾਡਲ ਟਾਊਨ, ਲੁਧਿਆਣਾ (ਪੰਜਾਬ)-141002

## ਭਾਈ ਸਾਹਿਬ ਭਾਈ ਰਣਧੀਰ ਸਿੰਘ ਲਿਖਤ ਪੁਸਤਕਾਂ

| | | | |
|---|---|---|---|
| ਜੇਲ ਚਿੱਠੀਆਂ | ੩੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਲੇਖ | ੨੦-੦੦ | ਦਰਸ਼ਨ ਝਲਕਾਂ | ੧੨-੦੦ |
| ਗੁਰਮਤਿ ਬਿਬੇਕ | ੨੦-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਗੌਰਵਤਾ | ੩੨-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਰੰਗਲੇ ਸੱਜਣ | ੨੦-੦੦ | ਅਨਹਦ ਸ਼ਬਦ ਦਸਮ ਦੁਆਰ | ੧੫-੦੦ |
| ਜੋਤਿ ਵਿਗਾਸ | ੧੭-੫੦ | ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ ? | ੧੨-੦੦ |
| ਸੰਤ ਪਦ ਨਿਰਣੈ | ੧੬-੦੦ | ਸ਼ੰਕਿਆਂ ਦੇ ਉੱਤਰ | ੩-੦੦ |
| ਕਥਾ ਕੀਰਤਨ | ੨੦-੦੦ | ਸੱਚਖੰਡ ਦਰਸ਼ਨ | ੭-੫੦ |
| ਅਣਡਿੱਠੀ ਦੁਨੀਆਂ | ੨੫-੦੦ | ਅੰਮ੍ਰਿਤ ਕੀ ਹੈ ? | ੩-੦੦ |
| ਗੁਰਮਤਿ ਵਿਚਾਰ | ੨੦-੦੦ | ਗੁਰਮਤਿ ਰਮਜ਼ਾਂ | ੨-੫੦ |
| ਗੁਰਮਤਿ ਪ੍ਰਕਾਸ਼ | ੧੫-੦੦ | ਨਾਮ ਸਬੰਧੀ ਵਿਚਾਰ | ੨-੫੦ |

### ਭਾਈ ਤਾਰਾ ਸਿੰਘ ਜੀ ਕਾਲਕਾ ਵਾਲੇ ਚੜ੍ਹਾਈ ਕਰ ਗਏ।

ਆਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸੰਗੀ ਸਾਥੀਆਂ ਵਿੱਚੋਂ ਇਕ ਸਨ। ਆਪ ਜੀ ਨਮਿਤ 20 ਅਪ੍ਰੈਲ ਸ਼ਨੀਵਾਰ ਰਾਤ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ (ਯਮੁਨਾਨਗਰ) ਵਿਖੇ ਰੈਣਿ ਸਬਾਈ ਕੀਰਤਨ ਕੀਤੇ ਜਾ ਰਹੇ ਹਨ।

### ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ | 10 ਰੁ: | ਭਾਈ ਸੁਰਜੀਤ ਸਿੰਘ | 100 ਰੁ: |
| ਭਾਈ ਗੁਰਚਰਨ ਸਿੰਘ ਵਾਰਾਨਸੀ | 360 ਰੁ: | ਬੀਬੀ ਨਰਿੰਦਰ ਕੌਰ | 20 ਰੁ: |
| ਭਾਈ ਤਜਿੰਦਰ ਸਿੰਘ | 196 ਰੁ: | ਭਾਈ ਦਿਲਬਾਗ ਸਿੰਘ | 251 ਰੁ: |
| ਭਾਈ ਗੁਰਚਰਨ ਸਿੰਘ | 340 ਰੁ: | ਭਾਈ ਸੁੱਚਾ ਸਿੰਘ | 100 ਰੁ: |
| ਗੁਪਤ | 500 ਰੁ: | | |

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA 141004

www.AKJ.Org